Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 53 Monday, March 23, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


FOR ADVERTISING IN CANADIAN PUNJABI POST CALL: 905-793-2202

# ਐਮਰਜੰਸੀ ਬਿੱਲ ਪਾਸ ਕਰਨ ਲਈ ਹਾਊਸ ਆਫ ਕਾਮਨਜ਼ ਪਰਤਣਗੇ ਐਮਪੀਜ਼

ਟੋਰਾਂਟੋ, 22 ਮਾਰਚ (ਪੋਸਟ ਬਿਊਰੋ) : ਕੋਵਿਡ-19 ਮਹਾਮਾਰੀ ਦੌਰਾਨ ਕੈਨੇਡੀਅਨਾਂ ਨੂੰ ਸਹਿਯੋਗ ਦੇਣ ਤੇ ਅਰਥਚਾਰੇ ਨੂੰ ਸਥਿਰ ਰੱਖਣ ਲਈ ਐਮਰਜੰਸੀ ਬਿੱਲ ਪਾਸ ਕਰਨ ਵਾਸਤੇ ਐਮਪੀਜ਼ ਹਾਊਸ ਆਫ ਕਾਮਨਜ਼ ਪਰਤਣਗੇ।




ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਜੋ ਕਿ ਆਪਣੀ ਰਿਡਿਊ ਕਾਟੇਜ ਵਿੱਚ ਸੈਲਫ ਆਈਸੋਲੇਸ਼ਨ ਵਿੱਚ ਰਹਿ ਰਹੇ ਹਨ, ਨੇ ਇਸ ਕਾਟੇਜ ਦੇ ਬਾਹਰੋਂ ਗੱਲ ਕਰਦਿਆਂ ਆਖਿਆ ਕਿ ਪਾਰਲੀਆਮੈਂਟ ਦੀ ਕਾਰਵਾਈ ਮੰਗਲਵਾਰ ਦੁਪਹਿਰ ਨੂੰ ਸ਼ੁਰੂ ਹੋਵੇਗੀ। ਪਾਰਲੀਆਮੈਂਟ ਦੀ ਇਸ ਕਾਰਵਾਈ ਦਾ ਇੱਕੋ ਇੱਕ ਮਕਸਦ ਇਸ ਹਫਤੇ ਸਰਕਾਰ ਵੱਲੋਂ ਐਲਾਨੇ ਜਾਣ ਵਾਲੇ ਮਾਪਦੰਡਾਂ ਨੂੰ ਲਾਗੂ ਕਰਨਾ ਹੋਵੇਗਾ। ਇਨ੍ਹਾਂ ਵਿੱਚ ਉਨ੍ਹਾਂ ਕੈਨੇਡੀਅਨਾਂ ਲਈ ਬੈਨੇਫਿਟਜ਼ ਵੀ ਸ਼ਾਮਲ ਹਨ ਜਿਹੜੇ ਕੰਮ ਲਈ ਬਾਹਰ ਹਨ, ਕੈਨੇਡਾ ਚਾਈਲਡ ਬੈਨੇਫਿਟ ਤੇ ਨੋਵਲ ਕਰੋਨਾਵਾਇਰਸ ਲਈ ਰਿਸਰਚ ਵਾਸਤੇ ਵੀ ਨਵੀਂ ਫੰਡਿੰਗ ਜਾਰੀ ਕਰਨ ਬਾਰੇ ਫੈਸਲਾ ਕੀਤਾ ਜਾਵੇਗਾ।

ਅਰਥਚਾਰੇ ਨੂੰ ਹੁਲਾਰਾ ਦੇਣ ਲਈ 27 ਬਿਲੀਅਨ ਡਾਲਰ ਦੀ ਸਿੱਧੀ ਸਹਾਇਤਾ ਤੇ 55 ਬਿਲੀਅਨ ਡਾਲਰ ਮੁਲਤਵੀ ਕੀਤੇ ਗਏ ਟੈਕਸਾਂ ਲਈ ਜਾਰੀ ਕੀਤੇ ਜਾਣਗੇ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਇਹ ਨਵਾਂ ਬਿੱਲ ਕੁੱਝ ਦਿਨਾਂ ਵਿੱਚ ਹੀ ਪਾਸ ਹੋ ਜਾਵੇਗਾ ਤੇ ਇਸ ਸਬੰਧੀ ਹੋਰ ਮਾਪਦੰਡ ਵੀ ਅਪਣਾਏ ਜਾਣਗੇ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਤਾਂ ਕੁਝ ਕਦਮ ਹਨ ਜਿਹੜੇ ਅਸੀਂ ਫੌਰੀ ਚੁੱਕਣ ਜਾ ਰਹੇ ਹਾਂ। ਅਸੀਂ ਉਨ੍ਹਾਂ ਅਗਲੇ ਕਦਮਾਂ ਬਾਰੇ ਵੀ ਵਿਚਾਰ ਕਰਾਂਗੇ ਜਿਸ ਨਾਲ ਸਾਡਾ ਅਰਥਚਾਰਾ ਇਸ ਸੰਕਟ ਦੀ ਘੜੀ ਨੂੰ ਝੱਲਦਾ ਹੋਇਆ ਨਿਕਲ ਜਾਵੇ।

...ਬਾਕੀ ਪੰਨਾ 6 'ਤੇ

# ਕੋਵਿਡ-19 ਕਾਰਨ ਓਨਟਾਰੀਓ ਵਿੱਚ ਹੋਈ ਤੀਜੀ ਮੌਤ

## ਕਰੋਨਾਵਾਇਰਸ ਦੇ ਕੁੱਲ ਮਾਮਲਿਆਂ ਦੀ ਗਿਣਤੀ 377 ਤੱਕ ਅੱਪੜੀ

ਟੋਰਾਂਟੋ, 22 ਮਾਰਚ (ਪੋਸਟ ਬਿਊਰੋ) : ਪ੍ਰੋਵਿੰਸ ਵਿੱਚ ਕੋਵਿਡ-19 ਦੇ ਮਰੀਜ਼ਾਂ ਦੀ ਗਿਣਤੀ 377 ਤੱਕ ਅੱਪੜ ਗਈ ਹੈ। ਓਨਟਾਰੀਓ ਦੇ ਸਿਹਤ ਅਧਿਕਾਰੀਆਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੋਵਿਡ-19 ਕਾਰਨ ਇੱਥੇ ਤੀਜਾ ਵਿਅਕਤੀ ਦਮ ਤੋੜ ਚੁੱਕਿਆ ਹੈ।




ਸ਼ਨਿੱਚਰਵਾਰ ਨੂੰ ਓਨਟਾਰੀਓ ਦੇ ਸਿਹਤ ਅਧਿਕਾਰੀਆਂ ਵੱਲੋਂ ਨੋਵਲ ਕਰੋਨਾਵਾਇਰਸ ਦੇ 59 ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ

...ਬਾਕੀ ਪੰਨਾ 5 'ਤੇ

## ਟੋਰਾਂਟੋ 'ਚ 13 ਹੈਲਥ ਵਰਕਰਜ਼ ਦੇ ਕੋਵਿਡ-19 ਸਬੰਧੀ ਜਾਂਚ ਦੇ ਨਤੀਜੇ ਆਏ ਪਾਜ਼ੀਟਿਵ

ਟੋਰਾਂਟੋ, 22 ਮਾਰਚ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਪਬਲਿਕ ਹੈਲਥ ਅਧਿਕਾਰੀਆਂ ਨੇ ਇਹ ਪੁਸ਼ਟੀ ਕੀਤੀ ਕਿ ਟੋਰਾਂਟੋ ਵਿੱਚ ਘੱਟੋ ਘੱਟ 13 ਹੈਲਥ ਕੇਅਰ ਵਰਕਰਜ਼ ਦੀ ਕੋਵਿਡ-19 ਸਬੰਧੀ ਜਾਂਚ ਦੇ ਨਤੀਜੇ ਪਾਜ਼ੀਟਿਵ ਆਏ ਹਨ।

ਸਿਟੀ ਦੇ ਐਸੋਸਿਏਟ ਮੈਡੀਕਲ ਆਫੀਸਰ ਆਫ ਹੈਲਥ ਡਾ. ਮਾਈਕਲ ਫਿੰਕਲਸਟਾਈਨ ਨੇ ਦੱਸਿਆ ਕਿ ਇਹ ਸਾਰੇ ਵਰਕਰਜ਼ ਹਸਪਤਾਲਾਂ, ਕਮਿਊਨਿਟੀ ਹੈਲਥ ਕੇਅਰ ਤੇ ਲਾਂਗ ਟਰਮ ਕੇਅਰ ਵਿੱਚ ਕੰਮ ਕਰਦੇ ਹਨ। ਉਨ੍ਹਾਂ ਅੱਗੇ ਆਖਿਆ ਕਿ ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਜਿਵੇਂ ਜਿਵੇਂ ਹਾਲਾਤ ਵਿਗੜਨਗੇ ਇਸ ਤਰ੍ਹਾਂ ਦੇ ਅੰਕੜਿਆਂ ਵਿੱਚ ਹਰ ਰੋਜ਼ ਬਦਲਾਵ ਆਵੇਗਾ। ਪਬਲਿਕ ਹੈਲਥ ਅਧਿਕਾਰੀਆਂ ਨੇ ਐਤਵਾਰ ਦੁਪਹਿਰ ਨੂੰ ਟੋਰਾਂਟੋ ਵਿੱਚ ਕੋਵਿਡ-19 ਨਾਲ ਸਬੰਧਤ ਹੋਈ ਪਹਿਲੀ ਮੌਤ ਦੀ ਪੁਸ਼ਟੀ ਵੀ ਕੀਤੀ।

## ਅੰਦਰ ਪੜ੍ਹੋ

ਕੋਰੋਨਾ ਵਾਇਰਸ ਦੇ ਕਾਰਨ ਪੰਜਾਬ ਵਿੱਚ ਮੁਕੰਮਲ ਲਾਕਡਾਊਨ ਦਾ ਐਲਾਨ — ਪੰਨਾ 03

ਕੋਵਿਡ-19 ਮਹਾਮਾਰੀ ਦੌਰਾਨ ਓਨਟਾਰੀਓ ਦੇ ਪਰਿਵਾਰਾਂ ਦੇ ਉੱਚੇ ਹਾਈਡਰੋ ਬਿੱਲਾਂ ਦਾ ਬੋਝ ਸਰਕਾਰ ਝੱਲੇਗੀ : ਫੋਰਡ — ਪੰਨਾ 05





## ਗੁਰਦੁਆਰਾ ਝਾੜੀ ਸਾਹਿਬ ਤੁਰਗੇ, ਕਸੂਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਝਾੜੀ ਸਾਹਿਬ ਤੁਰਗੇ, ਕਸੂਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

You can Place Your Business Here (905)793-2202 To Reach Wider Audience

Best Insurance Rates ▪Auto ▪Home ▪Business Dir: 647-400-2949 ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ Discounts upto 35% on Auto & Home Amanpreet S. Batth Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE •Life Insurance •Critical illness Ins •Travel & Visitor Ins •RESP & TFSA & RRSP • Super Visa Insurance • Mortgage Insurance • Disability Insurance • Funeral Insurance SIMRAN SAINI 416.994.7272 www.allkindinsurance.com

INSURANCE ○Home ○Auto ○Business ○Trucking ○Life Insurance ○Commercial 647-206-2452 Sukhwinder K Singh CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE Super visa Insurance Life & Disability Critical illness RESP Visitor & Travel insurance (416-845-1352) Manwinder Mangat Broker Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE Barrister, Solicitor & Notary Public info@joshilawoffice.com | joshilawoffice.com ❖Immigration ❖Real Estate / Commercial Law ❖Affidavit / Power of Attorney 6921 Steels Ave. W. Unit 11, Etobicoke, ON Rakesh M. Joshi B.A., LL.B 416-213-8600

GOEL TRAVEL Low Rates Best Service ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ ਗੋਇਲ ਟਰੈਵਲ Tico # 50021780 905.796.0000 900 Raylawson Blvd. Unit # 6, Brampton

Law Office of Aman Sharma ▪Real Estate ▪Commercial Lease ▪Business Purchase & Sale ▪Notarizations & Affidavits ▪Wills & Power Of Attorney Fax: 905-913-2344 Tel: 905-913-2355 25 Cherrycrest Drive, Unit # 6 Brampton, ON, L6P 3W4 Aman Sharma Open Saturday Providing excellent quality legal services to our clients

PROTECT YOUR HOME FROM PESTS Pest Control Low Rates/Excellent Pest Control Services 100% Success rate for bed bug Treatment Free Home Inspection Call Today Ranjit Sidhu Certified & Licenced Exterminator BED BUG MATTRESS COVER ALSO AVAILABLE A-Z Pest Control Inc. Cell: 647.668.3944 | Office: 905.455.0648 info@atozpestcontroltoronto.com | www.atozpestcontroltoronto.com

KELLEY LAW OFFICE Immigration Family Law Corporate Real Estate Business Closing Wills & Estate Power of Attorney/Affidavit /Attestations www.kelleylawoffice.ca | info@kelleylawoffice.ca ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ! 1200 Derry Road E, #15, Mississauga, ON L5T 0B3 Shinder Kelley Barrister, Solicitor & Notary Public 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ • ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ? ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ ਹੁਣੇ ਹੀ ਕਾਲ ਕਰੋ 75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ ਕਰਜ਼ੇ ਦੀ ਸਿਰਦਰਦੀ ? www.MakeMeDebtFree.ca 416-502-3100 Late Evening and Weekends Appointments Available 1888 864 3131 Jasbir Singh Hundal Qualified Credit Counsellor Unit #20 - 7015 Tranmere Drive Mississauga, ON L5S 1T7

Mortgage! We Will Beat Any Rate !!! *Each Mortgage Center Office is Independently Owned & Operated Purchase || Refinance || Major Banks /Credit Unions || Private Lenders || Second Mortgages-Lowest 6.99 % The Mortgage Centre Avon Financial Inc. Advice you can bank on. Brokerage Lic. 12538 Cell: 416-841-4218 Tel: 905-216-5563 Harpreet Singh Goraya Principal Broker (Lic # M12000607) 831 Bovaird Dr. West, Unit 25, Brampton, ON L6X 0T9 Fax : 905-216-0392

•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance Punjab Insurance Inc www.punjabinsurance.com Sherjang Singh Rana 416.910.9000 rana@punjabinsurance.ca 10-7003 Steeles Ave. West, Etobicoke, ON M9W 0A2 Harpreet Rana 416.871.3571 harpreetrana@punjabinsurance.ca

A1 RENOVATIONS Commercial & Residential Renovations **Professional ,Reliable & Experienced** Services: • Painting • Drywalls • Plumbing • Electrical • Flooring • Complete Basement Renovation • Kitchen & Washrooms • Concrete Services (Driveways & Sidewalks) Note: Complete basement (passed by city) Certified GasTechnician *5-10 % DISCOUNT Call Bobby Mann today !! 647-407-9595 a1floor_2000@hotmail.com *Some condition apply

DHINDSA LAW Barrister, Solicitor & Notary Public www.dhindsalaw.ca - Criminal and Family Law - Immigration - Real Estate - Wills, Affidavits & Notarizations Special Discount For Student & Senior Citizens NAVDEEP DHINDSA B-Tech/ LLB LOCATIONS: 10510 Torbram Rd Unit-J1, Brampton L6R 3N9 (Torbram & Sandalwood) Call: 437 998 1429 330 Highway 7 E, Suite 309, Richmond Hill- L4B 3P8

Royal Pest Control Residential Commercial Industrial Specialist in Bedbugs Service All Pest Control : •Mouse & Rats •Cockroaches •Spiders & Fleas •Carpenter Ants •Bedbugs •Silver Fish •Wasps •Racoons Call : PARESH PATEL (Government Approved Licensed Technician) 416 938 4598

MANN LAW FIRM • Real Estate Law • Wills & Estates • Power of Attorney • Affidavits Notarization / Declaration • Business Law • Family Law • Civil Litigation Maninder S. Mann B.A. (Hons.), LLB BARRISTER SOLICITOR NOTARY Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

HELPING YOU PLAN TODAY...FOR TOMORROW • Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP www.ufsinsurance.com JATINDERBIR S BAJWA Insurance Broker Dir:647-928-4990 # 25-831 Bovarid Dr. W. Brampton, ON L6X0T9 | www.ufsinsurance.com

HSBA Tax Services 20% Discount For Students, New Immigrants and Senior Citizens Personal / Corporation Tax Accounting / Bookkeeping Business Registrations HST/WSIB/Payroll Financial Statements/Audits Mortgages and Loans 647-720-5278 PRABHJOT KAUR (Sr. Accountant, M.B.A) 77-100 Maritime Ontario Blvd.,Brampton, ON L6S 0E7

CN Forklift Training Center Counterbalance All Types Walkie pallet Low Lift Electric Motor Narrow Aisle Reach Cherry Order Picker License $69 Toll Free: 1 855 230 0001 7033 Telford Way, Unit #4, Mississauga, ON L5S 1V4 When You Need Re certified License & Training First Call to us Cell: 416 726 6206 Tel: 905 405 0001 NC Dhawan Certified Instructor

SEHMBI RENOVATIONS ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ • Custom Kitchen Cabinets • Legal Basement • Completly Furnished • Painting & Flooring ਵਾਜਿਬ ਕੀਮਤ ਤੇ ਸਮੇਂ ਸਿਰ ਕੰਮ Jaswant Sehmbi: 647.524.0885

PEST PROBLEM ? Residential & Commercial 100% Customer Satisfaction All Pest Control MICE, COCKROACH, BEDBUG & ALL COMMON BUGS Protect yourself & your family from the Pests AFFORDABLE & RELIABLE KSG Pest Control Inc. 647.990.3205 www.ksgpestcontrol.ca ksgpestcontrol@gmail.com Amarjeet Singh Gill Certified & Licenced Exterminator





# Dr. Randhawa Dentistry



*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
*Invisible Braces* ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044








Price $729,999

**JUST LISTED!** | 200 Malta Ave, Unit # 70, Brampton

*Brand new condo townhouse with 3 bedroom and an extra room on the floor*

ਪਰਾਈਵੇਟ ਰੂਫਟੋਪ ਟੈਰੇਸ, 2.5 ਵਾਸ਼ਰੂਮ 1700 ਸੁਕੇਅਰ ਫੁੱਟ ਦਾ ਘਰ, ਪਹਿਲੇ ਅਤੇ ਦੂਜੇ ਫਲੋਰ ਤੇ 9 ਫੁੱਟ ਸਿਲਿੰਗ, ਘਰ ਸਿੱਧੇ ਜਾਣ ਲਈ ਅੰਡਰਗਰਾਊਂਡ ਪਾਰਕਿੰਗ, ਮੇਨ ਬੱਸ ਟਰਾਂਜ਼ਟ, ਸ਼ੈਰੀਡਨ ਕਾਲਜ,ਸ਼ਾਪਰ ਡਰੱਗ ਮਾਰਟ ਅਤੇ ਕਈ ਸਕੂਲਾਂ ਨੂੰ ਪੈਦਲ ਜਾ ਸਕਦੇ ਹੋ। ਹਾਈਵੇ 407,410,ਸਟੀਲ ਐਵੀਨੀਊ ਅਤੇ ਹਰੰਟਾਰੀਓ ਤੋਂ 401, ਦੇ ਬਿਲਕੁਲ ਨੇੜੇ। ਕਿਚਨ ਅਤੇ ਵਾਸ਼ਰੂਮ ਅਪਗ੍ਰੇਡ ਕੀਤੇ ਹਨ।

**KAMAL RANDHAWA**
Sales Representative
Dir: 647 855 0671
Email: kamaldeepr07@gmail.com
Office: 905.793.1111
Not intended to Solicit Buyers or Sellers Currently under Contract





# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



NU WAY TOUR & TRAVELS INC.

# ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA · PIA · American Airlines · ETIHAD · KLM · Emirates · SWISS · BRITISH AIRWAYS · JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca · WESTJET vacations · transat Holidays · sunwing · AIR CANADA VACATIONS · tico.ca · IATA

Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ
ਹਵਾਈ ਟਿਕਟਾਂ ਅਤੇ ਭਰੋਸੇਮੰਦ
ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਜਿੰਦਾਂ ਮਾਰਿਆ ਦੈਂਤ ਸੀ ਆਣ ਚੱਕਰ,
ਖਾਲੀ ਏਦਾਂ ਦਾ ਅੱਜ ਹੈ ਸ਼ਹਿਰ ਬੇਲੀ।
ਚਿੰਤਾ ਸਾਰਿਆਂ ਨੂੰ ਏਥੇ ਸਿਰਫ ਏਹੀ,
ਪਾਈ ਜਾਂਦਾ ਕੋਰੋਨਾ ਤਾਂ ਕਹਿਰ ਬੇਲੀ।
ਜਨਤਾ ਕਰਫਿਊ ਲੱਗਾ ਸਵੇਰ ਦਾ ਸੀ,
ਰਿਹਾ ਲੱਗਿਆ ਚਾਰ ਸੀ ਪਹਿਰ ਬੇਲੀ।
ਘੜੀ ਜ਼ਿੰਦਗੀ ਦੀ ਦਿੱਸੀ ਇੰਜ ਸਿੱਲ੍ਹੀ,
ਜਿਵੇਂ ਇੱਕ ਥਾਂ ਗਈ ਹੈ ਠਹਿਰ ਬੇਲੀ।
ਸ਼ਾਮੀਂ ਆਸ ਸੀ ਲੋਕਾਂ ਦੇ ਨਿਕਲਣੇ ਦੀ,
ਤਾਂ ਵੀ ਬਾਹਰ ਨਾ ਲੋਕ ਸੀ ਆਏ ਬੇਲੀ।
ਖੂੰਜੇ ਲੱਗੇ ਹੀ ਆਪੋ ਵਿੱਚ ਕਰਨ ਗੱਲਾਂ,
ਅਨੋਖੀ ਔਕੜ ਸਨ ਪਏ ਡਰਾਏ ਬੇਲੀ।

**ਤੀਸ ਮਾਰ ਖਾਂ**

# ਕੋਰੋਨਾ ਵਾਇਰਸ ਦੇ ਕਾਰਨ ਪੰਜਾਬ ਵਿੱਚ ਮੁਕੰਮਲ ਲਾਕਡਾਊਨ ਦਾ ਐਲਾਨ

ਚੰਡੀਗੜ੍ਹ, 22 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਮੁਕੰਮਲ ਲਾਕਡਾਊਨ ਕਰਨ ਦਾ ਐਲਾਨ ਕੀਤਾ ਹੈ, ਜਿਸ ਵਿੱਚ ਸਿਰਫ ਐਮਰਜੈਂਸੀ ਸੇਵਾਵਾਂ ਲਈ ਛੋਟ ਹੋਵੇਗੀ। ਇਹ ਫ਼ੈਸਲਾ ਮੁੱਖ ਮੰਤਰੀ ਦੀ ਹੰਗਾਮੀ ਮੀਟਿੰਗ ਵਿਚ ਲਿਆ ਗਿਆ ਅਤੇ ਅੱਜ ਤੋਂ ਪੰਜਾਬ ਪੂਰੀ ਤਰ੍ਹਾਂ ਬੰਦ ਰਹੇਗਾ।

ਵਰਨਣ ਯੋਗ ਹੈ ਕਿ ਦੁਨੀਆ ਵਿਚ ਕੋਰੋਨਾ ਵਾਇਰਸ ਦੇ ਮਰੀਜਾਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਪੰਜਾਬ ਵਿਚ ਕੋਰੋਨਾ ਵਾਇਰਸ ਦੇ ਮਰੀਜਾਂ ਦੀ ਗਿਣਤੀ 21 ਹੋ ਗਈ ਹੈ। ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਜ਼ਿਲ੍ਹੇ ਵਿਚ ਕੋਰੋਨਾ ਵਾਇਰਸ ਦੇ ਸੱਤ ਕੇਸ ਪਤਾ ਲੱਗੇ ਹਨ। ਇਨ੍ਹਾਂ ਸੱਤ ਮਰੀਜਾਂ ਦੇ ਕੋਰੋਨਾ ਵਾਇਰਸ ਦੇ ਟੈਸਟ ਪਾਜ਼ੀਟਿਵ ਨਿਕਲੇ ਹਨ। ਪਤਾ ਲੱਗਾ ਹੈ ਕਿ ਇਹ ਸਾਰੇ ਲੋਕ ਨਵਾਂ ਸ਼ਹਿਰ ਦੇ ਪਿੰਡ ਪਠਲਾਵਾ ਦੇ ਉਸ 70 ਸਾਲਾ ਵਿਅਕਤੀ ਦੇ ਸੰਪਰਕ ਵਿਚ ਰਹੇ ਸਨ, ਜਿਸ ਦੀ ਬੀਤੇ ਦਿਨੀਂ ਕੋਰੋਨਾ ਵਾਇਰਸ ਕਾਰਨ ਮੌਤ ਹੋ ਗਈ ਸੀ। ਨਵਾਂ ਸ਼ਹਿਰ ਦੇ ਸਿਵਲ ਸਰਜਨ ਡਾਕਟਰ ਰਾਜਿੰਦਰ ਭਾਟੀਆ ਨੇ ਇਨ੍ਹਾਂ 7 ਕੋਰੋਨਾ ਪਾਜ਼ੀਟਿਵ ਕੇਸਾਂ ਦੀ ਪੁਸ਼ਟੀ ਕੀਤੀ।



ਬੀਤੇ ਦਿਨੀਂ ਨਵਾਂ ਸ਼ਹਿਰ ਨੇੜਲੇ ਪਿੰਡ ਪਠਲਾਵਾ ਦੇ 70 ਸਾਲਾ ਵਿਅਕਤੀ ਦੀ ਕੋਰੋਨਾ ਵਾਇਰਸ ਨਾਲ ਮੌਤ ਹੋਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਵਾਂ ਸ਼ਹਿਰ ਦੇ ਸਿਵਲ ਹਸਪਤਾਲ ਦਾਖ਼ਲ ਕਰਾਇਆ ਸੀ। ਇਨ੍ਹਾਂ ਸਾਰੇ ਛੇ ਮੈਂਬਰਾਂ ਨੂੰ ਸ਼ੁੱਕਰਵਾਰ ਰਾਤ ਆਮ ਲੋਕਾਂ ਤੋਂ ਵੱਖ ਕਰ ਦਿੱਤਾ ਗਿਆ ਅਤੇ ਇਸ ਵੇਲੇ ਉਹ ਡਾਕਟਰਾਂ ਦੀ ਨਿਗਰਾਨੀ ਹੇਠ ਹਨ। ਇਸ ਦੇ ਨਾਲ ਪਠਲਾਵਾ ਦੇ ਇਸ ਪਰਿਵਾਰ ਦੇ ਸੰਪਰਕ ਵਿੱਚ ਰਿਹਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੋਰਾਂਵਾਲੀ ਦਾ 68 ਸਾਲਾ ਵਿਅਕਤੀ ਵੀ ਕੋਰੋਨਾ ਪਾਜ਼ੀਟਿਵ ਨਿਕਲਿਆ ਹੈ। ਪ੍ਰਸ਼ਾਸਨ ਨੇ ਕੋਰੋਨਾ ਦਾ ਸੰਕਟ ਦੇਖਦੇ ਹੋਏ ਇਸ ਜ਼ਿਲ੍ਹੇ ਦੇ ਛੇ ਪਿੰਡ ਮੋਰਾਂਵਾਲੀ, ਐਮਾਂ ਜੱਟਾਂ, ਬਿੰਜੋ, ਸੂਨੀ, ਨੂਰਪੁਰ ਜੱਟਾਂ ਅਤੇ ਪੋਸੀ ਵਿਚ ਬਾਹਰੋਂ ਆਉਂਦੇ ਲੋਕਾਂ ਦੀ ਐਂਟਰੀ ਰੋਲ ਦਿੱਤੀ ਹੈ। ਹੁਸ਼ਿਆਰਪੁਰ ਦੇ ਜ਼ਿਲ੍ਹਾ ਹਸਪਤਾਲ ਦੇ ਵਿਸ਼ੇਸ਼ ਆਈਸੋਲੇਸ਼ਨ ਵਾਰਡ ਦੇ ਬਾਹਰ ਵੀ ਪੁਲਿਸ ਦਾ ਸਖ਼ਤ ਪਹਿਰਾ ਲਾਇਆ ਗਿਆ ਹੈ। ਕੋਰੋਨਾ ਵਾਇਰਸ ਦਾ ਸੰਕਟ ਵੇਖਦੇ ਹੋਏ ਪੰਜਾਬ ਸਰਕਾਰ ਦੇ ਬਾਅਦ ਚੰਡੀਗੜ੍ਹ ਯੂ ਟੀ ਪ੍ਰਸ਼ਾਸਨ ਨੇ ਵੀ ਲਾਕਡਾਊਡਨ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਦੌਰਾਨ ਸਿਰਫ਼ ਐਮਰਜੈਂਸੀ ਸੇਵਾਵਾਂ ਚਲਾਉਣ ਦੀ ਛੋਟ ਰਹੇਗੀ।

# ਇਟਲੀ ਵਿੱਚ ਕੋਰੋਨਾ ਦਾ ਕਹਿਰ ਜਾਰੀ, ਇੱਕੋ ਦਿਨ ਵਿੱਚ 600 ਤੋਂ ਵੱਧ ਹੋਰ ਮੌਤਾਂ

### 35 ਦੇਸ਼ਾਂ ਵਿੱਚ ਲਾਕਡਾਊਨ, ਮੌਤਾਂ ਦੀ ਗਿਣਤੀ 14 ਹਜ਼ਾਰ ਨੂੰ ਟੱਪੀ



ਰੋਮ, 23 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਬਿਮਾਰੀ ਨੇ ਇਟਲੀ ਨੂੰ ਪੂਰੀ ਤਰ੍ਹਾਂ ਲਪੇਟ ਵਿਚ ਲੈ ਲਿਆ ਹੈ ਤੇ ਇਸ ਨੂੰ ਅਜੇ ਤੱਕ ਰੋਕ ਨਹੀਂ ਲੱਗ ਸਕੀ। ਇਸ ਕਾਰਨ ਰੋਜ਼ ਇਟਲੀ ਵਿਚ ਰਿਕਾਰਡ ਮੌਤਾਂ ਹੋ ਰਹੀਆਂ ਹਨ। ਪਿਛਲੇ ਚੌਵੀ ਘੰਟਿਆਂ ਦੌਰਾਨ ਛੇ ਸੌ ਤੋਂ ਵੱਧ ਹੋਰ ਮੌਤਾਂ ਹੋ ਜਾਣ ਨਾਲ ਇਸ ਦੇਸ਼ ਵਿੱਚ ਮੌਤਾਂ ਦੀ ਗਿਣਤੀ 5476 ਤੱਕ ਪਹੁੰਚ ਗਈ ਹੈ ਅਤੇ ਹੋਰਨਾਂ ਦੇਸ਼ਾਂ ਵਿੱਚ ਹਾਲਤ ਵਿਗੜਦੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਇਟਲੀ ਵਿਚ ਮੌਤਾਂ ਦਾ ਅੰਕੜਾ ਬੀਤੇ ਇਕ ਹਫਤੇ ਤੋਂ ਲਗਾਤਾਰ ਵਧ ਰਿਹਾ ਹੈ। ਇਸ ਦੇਸ਼ ਵਿੱਚ ਕੋਰੋਨਾ ਵਾਇਰਸ ਦਾ ਇਲਾਜ ਕਰਦੇ ਹੋਏ 17 ਡਾਕਟਰਾਂ ਦੀ ਮੌਤ ਵੀ ਹੋ ਚੁੱਕੀ ਹੈ। ਪੂਰੇ ਦੇਸ਼ ਵਿਚ ਅੱਜ ਤੱਕ ਮੌਤਾਂ ਦੀ ਗਿਣਤੀ 5476 ਹੋ ਚੁੱਕੀ ਹੈ ਅਤੇ 59138 ਲੋਕ ਬਿਮਾਰੀ ਤੋਂ ਪ੍ਰਭਾਵਤ ਹਨ। ਇਟਲੀ ਦੇ ਪ੍ਰਧਾਨ ਮੰਤਰੀ ਨੇ ਆਖਿਆ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇਸ਼ ਵਿਚ ਇਸ ਵਾਇਰਸ ਨਾਲ ਇੰਨਾ ਵੱਡਾ ਸੰਕਟ ਆਇਆ ਹੈ। ਸਰਕਾਰ ਨੇ ਕੋਰੋਨਾ ਵਾਇਰਸ ਦੇ ਹਾਲਾਤ ਦੇਖ ਕੇ ਲਾਕਡਾਊਨ ਥੋੜ੍ਹਾ ਦੇਰ ਨਾਲ ਕੀਤਾ ਸੀ, ਜਿਸ ਨਾਲ ਨੁਕਸਾਨ ਹੋਇਆ ਹੈ। ਇਸ ਬਿਮਾਰੀ ਨਾਲ ਸਭ ਤੋਂ ਵੱਧ ਮੌਤਾਂ ਯੂਰਪ ਵਿਚ ਹੋਈਆਂ ਹਨ ਤੇ ਮੌਤਾਂ ਦੀ ਗਿਣਤੀ ਯੂਰਪੀਨ ਦੇਸ਼ ਇਟਲੀ ਵਿਚ ਸਭ ਤੋਂ ਵੱਧ ਹੈ। ਦੂਜੇ ਨੰਬਰ ਉੱਤੇ ਸਪੇਨ 1,756 ਅਤੇ ਫਰਾਂਸ ਵਿਚ 674 ਮੌਤਾਂ ਹੋਈਆਂ ਹਨ। ਇਸ ਬਿਮਾਰੀ ਨਾਲ ਪੂਰੇ ਸੰਸਾਰ ਵਿੱਚ ਮੌਤਾਂ ਦੀ ਗਿਣਤੀ 14,612 ਹੋ ਗਈ ਅਤੇ ਪੀੜਤ ਲੋਕਾਂ ਦੀ ਗਿਣਤੀ ਤਿੰਨ ਲੱਖ 35 ਹਜ਼ਾਰ ਤੋਂ ਟੱਪ ਗਈ ਹੈ। ਈਰਾਨ ਵਿੱਚ ਮੌਤਾਂ ਦੀ ਗਿਣਤੀ 1685 ਹੋ ਗਈ ਹੈ ਅਤੇ 21,638 ਲੋਕ ਪ੍ਰਭਾਵਤ ਹਨ।

ਕੋਰੋਨਾ ਵਾਇਰਸ ਦੇ ਡਰ ਹੇਠ ਦੁਨੀਆ ਦੇ 35 ਦੇਸ਼ਾਂ ਵਿੱਚ ਲਾਕਡਾਊਨ ਐਲਾਨ ਕਰ ਦਿੱਤਾ ਗਿਆ। ਇਸ ਕਾਰਨ ਇੱਕ ਸੌ ਕਰੋੜ ਤੋਂ ਵੱਧ ਲੋਕ ਆਪਣੇ ਘਰਾਂ ਵਿੱਚ ਕੈਦ ਹੋ ਗਏ ਹਨ। ਮਹਾਮਾਰੀ ਤੋਂ ਬਚਣ ਦੇ ਲਈ ਬਹੁਤੇ ਦੇਸ਼ ਯਾਤਰਾ ਪਾਬੰਦੀਆਂ ਅਤੇ ਹੱਦਾਂ ਨੂੰ ਸੀਲ ਕਰਨ ਦੇ ਕਦਮ ਚੁੱਕ ਰਹੇ ਹਨ।

ਬੈਲਜ਼ੀਅਮ ਦੀ ਸਿਹਤ ਮੰਤਰੀ ਮੈਗੀ ਡੀ ਬਲਾਕ ਨੇ ਕਿਹਾ ਕਿ ਕੋਰੋਨਾ ਵਾਇਰਸ ਕਾਰਨ ਦੇਸ਼ ਵਿੱਚ ਲਾਕਡਾਊਨ ਅੱਠ ਹਫ਼ਤੇ ਹੋਰ ਚੱਲ ਸਕਦਾ ਹੈ। ਏਥੇ 17 ਮਾਰਚ ਤੋਂ ਲਾਕਡਾਊਨ ਹੈ ਤੇ ਸਿਰਫ ਜ਼ਰੂਰੀ ਸਾਮਾਨ ਖਰੀਦਣ ਲਈ ਲੋਕਾਂ ਨੂੰ ਘਰਾਂ ਤੋਂ ਨਿਕਲਣ ਦੀ ਛੋਟ ਹੈ। ਸਕੂਲ ਤੇ ਯੂਨੀਵਰਸਿਟੀਆਂ ਬੰਦ ਹਨ ਅਤੇ ਨਿੱਜੀ ਕੰਪਨੀਆਂ ਦੇ ਕਾਰਿੰਦੇ ਘਰਾਂ ਤੋਂ ਕੰਮ ਕਰਦੇ ਹਨ। ਇਰਾਕ ਵਿੱਚ ਐਤਵਾਰ ਤੋਂ ਪੂਰੇ ਦੇਸ਼ ਵਿੱਚ 28 ਮਾਰਚ ਤਕ ਲਾਕਡਾਊਨ ਦਾ ਐਲਾਨ ਰਹੇਗਾ। ਜਾਰਡਨ ਨੇ ਵੀ ਤਿੰਨ ਦਿਨਾਂ ਲਈ ਲਾਕਡਾਊਨ ਲਾਗੂ ਕੀਤਾ ਹੈ ਤੇ ਓਮਾਨ ਵਿੱਚ ਲੋਕਾਂ ਦੇ ਇਕੱਠੇ ਹੋਣ ਉੱਤੇ ਪਾਬੰਦੀ ਲਾਉਣ ਦੇ ਨਾਲ ਕਰੰਸੀ ਐਕਸਚੇਂਜ ਬੰਦ ਕਰ ਦਿੱਤਾ ਗਿਆ ਹੈ।

ਸੋਮਵਾਰ ਸਵੇਰ ਤੱਕ ਕੁੱਲ 188 ਦੇਸ਼ਾਂ ਵਿੱਚ ਮੌਤਾਂ ਦੀ ਗਿਣਤੀ 14,612 ਹੋ ਚੁੱਕੀ ਹੈ, ਜਿਸ ਵਿੱਚੋਂ ਚੀਨ ਵਿੱਚ 3261 ਮੌਤਾਂ, ਫਰਾਂਸ ਵਿੱਚ 674, ਅਮਰੀਕਾ ਵਿੱਚ 415, ਬ੍ਰਿਟੇਨ ਵਿੱਚ 281 ਮੌਤਾਂ ਹੋਈਆਂ ਹਨ।

ਜਦੋਂ ਪੂਰੀ ਦੁਨੀਆ ਕੋਰੋਨਾ ਵਾਇਰਸ ਦੀ ਲਪੇਟ ਵਿਚ ਹੈ ਅਤੇ ਇਸ ਦਾ ਸਭ ਤੋਂ ਵੱਧ ਨੁਕਸਾਨ ਇਟਲੀ ਵਿੱਚ ਹੋ ਰਿਹਾ ਹੈ ਤਾਂ ਇਸ ਹਾਲਤ ਵਿੱਚ ਕਿਊਬਾ ਨੇ ਮਦਦ ਲਈ ਹੱਥ ਵਧਾਏ ਹਨ। ਕਮਿਊਨਿਸਟ ਦੇਸ਼ ਕਿਊਬਾ ਨੇ ਕੋਰੋਨਾ ਨਾਲ ਸਭ ਤੋਂ ਵੱਧ ਪ੍ਰਭਾਵਿਤ ਲੋਮਬਾਰਡੀ ਵਿਚ ਲੋਕਾਂ ਦੀ ਮਦਦ ਲਈ ਪਹਿਲੀ ਵਾਰ ਡਾਕਟਰਾਂ ਤੇ ਨਰਸਾਂ ਦਾ ਬ੍ਰਿਗੇਡ ਇਟਲੀ ਵਿੱਚ ਭੇਜਿਆ ਹੈ। ਸਾਲ 1959 ਦੀ ਕ੍ਰਾਂਤੀ ਪਿੱਛੋਂ ਕਿਊਬਾ ਦੁਨੀਆ ਭਰ ਵਿਚ ਸੰਕਟ ਦੀ ਮਾਰ ਹੇਠਲੇ ਥਾਂਵਾਂ ਉੱਤੇ ਮਦਦ ਭੇਜਦਾ ਰਿਹਾ ਹੈ। ਇਸ ਦੇ ਡਾਕਟਰ ਹੈਤੀ ਵਿਚ ਹੈਜ਼ਾ ਦੇ ਖਿਲਾਫ ਅਤੇ ਸਾਲ 2010 ਦੇ ਦਹਾਕੇ ਵਿਚ ਪੱਛਮੀ ਅਫਰੀਕਾ ਵਿਚ ਇਬੋਲਾ ਦੀ ਬਿਮਾਰੀ ਦੇ ਇਲਾਜ ਲਈ ਵੀ ਗਏ ਸਨ। 52 ਡਾਕਟਰਾਂ ਦੀ ਇਕ ਮਜ਼ਬੂਤ ਬ੍ਰਿਗੇਡ ਨਾਲ ਕਿਊਬਾ ਨੇ ਆਪਣੀ ਮੈਡੀਕਲ ਕੂਟਨੀਤੀ ਦੀ ਪਹੁੰਚ ਹੇਠ ਇੱਕ ਟੀਮ ਇਟਲੀ ਭੇਜੀ ਹੈ। ਇਹ 6ਵੀਂ ਮੈਡੀਕਲ ਬ੍ਰਿਗੇਡ ਹੈ, ਜਿਸ ਨੂੰ ਕਿਊਬਾ ਨੇ ਪਿਛਲੇ ਦਿਨੀਂ ਵਿਦੇਸ਼ ਵਿਚ ਨਵੀਆਂ ਬੀਮਾਰੀਆਂ ਦਾ ਮੁਕਾਬਲਾ ਕਰਨ ਭੇਜਿਆ ਹੈ। ਇਸ ਨੇ ਵੈਨੇਜ਼ੁਏਲਾ ਅਤੇ ਨਿਕਾਰਗੁਆ ਦੇ ਨਾਲ ਜਮੈਕਾ, ਸੂਰੀਨਾਮ ਅਤੇ ਗ੍ਰੇਨੇਡਾ ਵਿਚ ਵੀ ਇਹੋ ਜਿਹੇ ਬ੍ਰਿਗੇਡ ਪਹਿਲਾਂ ਭੇਜੇ ਹੋਏ ਹਨ।

# ਕੋਰੋਨਾ ਦਾ ਦਬਾਅ: ਭਾਰਤ ਦੇ ਵੱਖ-ਵੱਖ ਰਾਜਾਂ ਦੇ 75 ਜ਼ਿਲਿਆਂ ਵਿੱਚ ਲਾਕਡਾਊਨ ਦੇ ਹੁਕਮ ਜਾਰੀ

ਨਵੀਂ ਦਿੱਲੀ, 22 ਮਾਰਚ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਰਦੇਸ਼ ਉੱਤੇ ਉੱਚ ਪੱਧਰੀ ਮੀਟਿੰਗ ਵਿਚ ਅੱਜ ਜਿਹੜੇ ਅਹਿਮ ਫ਼ੈਸਲੇ ਕੀਤੇ ਗਏ, ਉਨ੍ਹਾਂ ਵਿਚ ਪਹਿਲਾ ਅਤੇ ਵੱਡਾ ਫ਼ੈਸਲਾ ਇਹ ਹੈ ਕਿ ਦੇਸ਼ ਦੇ 75 ਜ਼ਿਲ੍ਹਿਆਂ ਨੂੰ ਲਾਕਡਾਊਨ ਕਰ ਦਿੱਤਾ ਗਿਆ ਹੈ। ਇਹ ਉਹ ਜ਼ਿਲ੍ਹੇ ਹਨ, ਜਿੱਥੇ ਕੋਰੋਨਾ ਤੋਂ ਪ੍ਰਭਾਵਤ ਲੋਕਾਂ ਦੀ ਪਛਾਣ ਹੋਈ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਸਿਰਫ਼ ਜ਼ਰੂਰੀ ਸੇਵਾਵਾਂ ਜਾਰੀ ਰਹਿਣਗੀਆਂ। ਭਾਰਤ ਦੇ ਇਤਿਹਾਸ ਵਿਚ ਪਹਿਲਾ ਮੌਕਾ ਹੈ, ਜਦੋਂ ਦੇਸ਼ ਦੇ ਇਕ ਵੱਡੇ ਹਿੱਸੇ ਨੂੰ ਐਮਰਜੈਂਸੀ ਵਰਗੇ ਹਾਲਾਤ ਵਿਚ ਲਾਕਡਾਊਨ ਕੀਤਾ ਗਿਆ ਹੈ।



ਇਸ ਫੈਸਲੇ ਤੋਂ ਪਹਿਲਾਂ ਅੱਜ ਏਥੇ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸੈਕਟਰੀ ਅਤੇ ਕੈਬਨਿਟ ਸਕੱਤਰ ਦੇ ਨਾਲ ਰਾਜਾਂ ਦੇ ਚੀਫ ਸੈਕਟਰੀਆਂ ਦੀ ਮੀਟਿੰਗ ਵਿਚ ਅੱਜ ਤਕ ਦੀਆਂ ਤਿਆਰੀਆਂ ਦੀ ਘੋਖ ਕੀਤੀ ਗਈ ਤੇ ਕਈ ਫ਼ੈਸਲੇ ਲਏ ਗਏ। ਰਾਜ ਸਰਕਾਰਾਂ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਆਪਣੇ ਪੱਧਰ ਉੱਤੇ ਹਾਲਾਤ ਦੀ ਘੋਖ ਕਰ ਕੇ ਇਸ ਸੰਕਟ ਬਾਰੇ ਫ਼ੈਸਲਾ ਲੈ ਲੈਣ। ਇਸ ਮੌਕੇ ਹਾਲਤ ਦੇਖਦੇ ਹੋਏ ਕੁਝ ਰਾਜਾਂ ਨੇ 31 ਮਾਰਚ ਤਕ ਪੂਰੇ ਲਾਕਡਾਊਨ ਦਾ ਐਲਾਨ ਕੀਤਾ ਹੈ, ਜਿਨ੍ਹਾਂ ਰਾਜਾਂ ਵਿਚ ਉੱਤਰ ਪ੍ਰਦੇਸ਼, ਬੰਗਾਲ, ਝਾਰਖੰਡ, ਉੱਤਰਾਖੰਡ, ਰਾਜਸਥਾਨ, ਹਰਿਆਣਾ, ਗੁਜਰਾਤ, ਛੱਤੀਸਗੜ੍ਹ, ਓਡੀਸ਼ਾ, ਬਿਹਾਰ, ਮਹਾਰਾਸ਼ਟਰ, ਮੱਧ ਪ੍ਰਦੇਸ਼, ਪੰਜਾਬ, ਆਂਧਰ ਪ੍ਰਦੇਸ਼, ਤੇਲੰਗਾਨਾ, ਕੇਰਲਾ, ਜੰਮੂ-ਕਸ਼ਮੀਰ, ਨਾਗਾਲੈਂਡ ਅਤੇ ਚੰਡੀਗੜ੍ਹ ਸ਼ਾਮਲ ਹਨ। ਗੋਆ ਸਰਕਾਰ ਨੇ 25 ਮਾਰਚ ਤਕ ਜਨਤਾ ਕਰਫਿਊ ਵਧਾ ਦਿੱਤਾ ਹੈ। ਇਨ੍ਹਾਂ ਵਿੱਚੋਂ ਕਈ ਰਾਜਾਂ ਵਿਚ ਪੂਰਾ ਲਾਕਡਾਊਨ ਦਾ ਐਲਾਨ ਕੀਤਾ ਗਿਆ ਅਤੇ ਕੁਝ ਦੇ ਕੁਝ ਜ਼ਿਲ੍ਹਿਆਂ ਵਿਚ ਲੌਕਡਾਊਨ ਕੀਤਾ ਗਿਆ ਹੈ। ਇਨ੍ਹਾਂ ਵਿਚ ਕੇਰਲ ਦੇ 10 ਜ਼ਿਲਿਆਂ, ਮਹਾਰਾਸ਼ਟਰ ਦੇ 10 ਅਤੇ ਮੱਧ ਪ੍ਰਦੇਸ਼ ਦੇ 9 ਜ਼ਿਲ੍ਹਿਆਂ ਵਿਚ ਲਾਕਡਾਊਨ ਐਲਾਨ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਦੇ ਸਿਰਫ 15 ਜ਼ਿਲ੍ਹਿਆਂ ਵਿਚ ਹੀ 23 ਤੋਂ 25 ਮਾਰਚ ਤਕ ਲਾਕਡਾਊਨ ਰਹੇਗਾ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਐਲਾਨ ਮੁਤਾਬਕ ਆਗਰਾ, ਬਰੇਲੀ, ਲਖਨਊ, ਨੋਇਡਾ, ਗਾਜ਼ੀਆਬਾਦ, ਗੋਰਖਪੁਰ, ਆਜ਼ਮਗੜ੍ਹ, ਲਖੀਮਪੁਰ-ਖੀਰੀ, ਸਹਾਰਨਪੁਰ, ਮੇਰਠ, ਪ੍ਰਯਾਗਰਾਜ, ਵਾਰਾਨਸੀ, ਕਾਨਪੁਰ ਅਤੇ ਅਲੀਗੜ੍ਹ ਵਿਚ 23 ਤੋਂ 25 ਮਾਰਚ ਤਕ ਲਾਕ ਡਾਊਨ ਦਾ ਐਲਾਨ ਕੀਤਾ ਗਿਆ ਹੈ। ਇਸ ਦੌਰਾਨ ਮਹਾਰਾਸ਼ਟਰ, ਗੁਜਰਾਤ ਅਤੇ ਬਿਹਾਰ ਵਿਚ ਇਕ-ਇਕ ਵਿਅਕਤੀ ਦੀ ਮੌਤ ਹੋਣ ਨਾਲ ਮ੍ਰਿਤਕਾਂ ਦੀ ਗਿਣਤੀ ਸੱਤ ਹੋ ਗਈ ਹੈ ਅਤੇ 45 ਤੋਂ ਵੱਧ ਨਵੇਂ ਕੇਸ ਪਤਾ ਲੱਗਣ ਨਾਲ ਪੀੜਤਾਂ ਦੀ ਗਿਣਤੀ 396 ਹੋ ਗਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਪ੍ਰਾਈਡ ਟਰੱਕ ਸੇਲਜ਼ ਨੇ ਰੇਜਾਈਨਾ ਵਿਚ ਖੋਲ੍ਹੀ ਨਵੀਂ ਡੀਲਰਸ਼ਿਪ




ਰੇਜਾਈਨਾ, 22 ਮਾਰਚ (ਪੋਸਟ ਬਿਊਰੋ) : ਪ੍ਰੀ-ਓਨਡ ਟਰੱਕਾਂ ਤੇ ਟਰੇਲਰਜ਼ ਦੀ ਪ੍ਰੀਮੀਅਰ ਤੇ ਹੋਲ-ਸੇਲਰ ਕੰਪਨੀ ਪ੍ਰਾਈਡ ਟਰੱਕ ਸੇਲਜ਼ ਵੱਲੋਂ ਰੇਜਾਈਨਾ ਵਿੱਚ ਆਪਣੀ ਨਵੀਂ ਬ੍ਰਾਂਚ ਦਾ ਐਲਾਨ ਕੀਤਾ ਗਿਆ। ਨੌਰਥ ਅਮਰੀਕਾ ਵਿੱਚ ਇਸ ਫੈਸਿਲਿਟੀ ਦੀ ਇਹ 12ਵੀਂ ਤੇ ਵੈਸਟਰਨ ਕੈਨੇਡਾ ਰੀਜਨ ਵਿੱਚ 5ਵੀਂ ਡੀਲਰਸ਼ਿਪ ਹੈ। ਇਹ ਫੈਸਿਲਿਟੀ 4600 ਵਿਕਟੋਰੀਆ ਐਵਨਿਊ ਈਸਟ, ਰੇਜਾਈਨਾ ਵਿੱਚ 3 ਏਕੜ ਜ਼ਮੀਨ ਉੱਤੇ 10,000 ਸਕੁਏਅਰ ਫੁਟ ਵਿੱਚ ਫੈਲੀ ਹੋਈ ਹੈ। ਹਾਈਵੇਅ-1 ਉੱਤੇ ਇਸ ਦੀ ਲੋਕੇਸ਼ਨ ਟਰੱਕਰਜ਼ ਤੇ ਫਲੀਟ ਮਾਲਕਾਂ ਲਈ ਕਾਫੀ ਵਧੀਆ ਹੈ। ਹੋਰਨਾਂ ਪ੍ਰਾਈਡ ਟਰੱਕ ਸੇਲਜ਼ ਡੀਲਰਸ਼ਿਪਜ਼ ਵਾਂਗ ਇਸ ਡੀਲਰਸ਼ਿਪ ਵਿੱਚ ਵੀ ਹਰ ਮੇਕ ਤੇ ਮਾਡਲ ਦੇ ਪ੍ਰੀ-ਓਨਡ ਹੈਵੀ ਤੇ ਮੀਡੀਅਮ ਡਿਊਟੀ ਵਾਲੇ ਟਰੱਕ ਤੇ ਟਰੇਲਰ ਮਿਲਣਗੇ। ਇੱਥੇ ਹੀ ਬੱਸ ਨਹੀਂ ਇੱਥੇ ਮੌਕੇ ਉੱਤੇ ਹੀ ਫਾਇਨਾਂਸਿੰਗ ਤੇ ਵਾਰੰਟੀ ਦੇ ਬਦਲ ਵੀ ਉਪਲਬਧ ਹੋਣਗੇ।

ਪ੍ਰਾਈਡ ਗਰੁੱਪ ਦੇ ਸੀਈਓ ਤੇ ਪ੍ਰੈਜ਼ੀਡੈਂਟ ਸੈਮ ਜੌਹਲ ਨੇ ਆਖਿਆ ਕਿ ਵੈਸਟਰਨ ਕੈਨੇਡਾ ਵਿੱਚ ਸਾਡੀ ਡੀਲਰਸ਼ਿਪ ਨੂੰ ਭਰਵਾਂ ਹੁੰਗਾਰਾ ਮਿ-ਲਿਆ। ਇਸ ਨਵੀਂ ਲੋਕੇਸ਼ਨ ਨਾਲ ਅਸੀਂ ਜਿੰਨਾ ਹੋ ਸਕੇ ਖਰੀਦਦਾਰਾਂ ਦੇ ਨੇੜੇ ਰਹਿਣਾ ਚਾਹੁੰਦੇ ਹਾਂ ਤੇ ਇਸ ਸਾਲ ਕਈ ਹੋਰ ਲੋਕੇਸ਼ਨਾਂ ਲਿਆ ਕੇ ਅਸੀਂ ਅੱਗੇ ਵੀ ਅਜਿਹਾ ਕਰਦੇ ਰਹਾਂਗੇ। ਸਾਡੇ ਗਾਹਕ ਵਧੀਆ ਸੇਵਾਵਾਂ,100 ਫੀ ਸਦੀ ਗਾਹਕਾਂ ਦੀ ਸੰਤੁਸ਼ਟੀ ਤੇ ਵਧੇਰੇ ਆਕਰਸ਼ਕ ਡੀਲਜ਼ ਦੀ ਉਮੀਦ ਕਰ ਸਕਦੇ ਹਨ। ਅਸੀਂ ਰੇਜਾਈਨਾ ਤੇ ਇਸ ਪੂਰੇ ਰੀਜਨ ਵਿੱਚ ਆਪਣੇ ਗਾਹਕਾਂ ਦੀ ਸੇਵਾ ਲਈ ਪੱਬਾਂ ਭਾਰ ਹਾਂ।

# ਅਪਰਾਧ ਕਰਨ ਤੋਂ ਪਹਿਲਾਂ ਦੀ ਖਰੀਦੀ ਜਾਇਦਾਦ ਕੁਰਕ ਨਹੀਂ ਹੋ ਸਕਦੀ




ਚੰਡੀਗੜ੍ਹ, 22 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਆਪਣੇ ਇੱਕ ਮਹੱਤਵ ਪੂਰਨ ਫੈਸਲੇ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐੱਮ ਐੱਲ ਏ) 2002 ਹੇਠ ਕਿਸੇ ਵੀ ਅਜਿਹੀ ਜਾਇਦਾਦ ਨੂੰ ਕੁਰਕ ਨਹੀਂ ਕੀਤਾ ਜਾ ਸਕਦਾ, ਜਿਸ ਨੂੰ ਅਪਰਾਧ ਕਰਨ ਤੋਂ ਪਹਿਲਾਂ ਖਰੀਦਿਆ ਜਾਂ ਹਾਸਲ ਕੀਤਾ ਗਿਆ ਹੋਵੇ। ਜਸਟਿਸ ਜਸਵੰਤ ਸਿੰਘ 'ਤੇ ਆਧਾਰਤ ਬੈਂਚ ਨੇ ਇਹ ਫੈਸਲਾ ਸੁਣ-ਾਇਆ ਹੈ।

ਅਸਲ ਵਿੱਚ ਇੱਕ ਕੇਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਜਲ ਧਾਰਾ ਐਕਸਪੋਰਟਰਜ਼ ਵਿਰੁੱਧ ਵੈਟ ਰਿਫੰਡ ਵਿੱਚ ਫਰਵਰੀ ਮਾਰਚ 2013 ਦੌਰਾਨ ਧੋਖਾਧੜੀ ਦੇ ਦੋਸ਼ 'ਚ ਮਾਮਲਾ ਦਰਜ ਕੀਤਾ ਸੀ। ਉਸ ਦੇ ਇੰਪਾਇਰ ਰੈਜ਼ੀਡੈਂਸ਼ੀਅਲ ਪ੍ਰੋਜੈਕਟ ਦਾ ਇੱਕ ਫਲੈਟ ਨੱਬੇ ਦਿਨਾਂ ਲਈ ਕੁਰਕ ਕਰ ਦਿੱਤਾ ਗਿਆ। ਇਸ ਫੈਸਲੇ ਨੂੰ ਚੁਣੌਤੀ ਦਿੰਦਿਆਂ ਅਪੀਲ ਕਰਤਾਵਾਂ ਨੇ ਕਿਹਾ ਕਿ ਕੁਰਕ ਕੀਤੀ ਜਾਇਦਾਦ ਨਾ ਸਿਰਫ ਅਪਰਾਧ ਕਰਨ, ਸਗੋਂ ਪੀ ਐੱਮ ਐੱਲ ਏ ਕਾਨੂੰਨ ਦੀ ਹੋਂਦ ਤੋਂ ਵੀ ਪਹਿਲਾਂ ਖਰੀਦੀ ਗਈ? ਇਸ ਜਾਇਦਾਦ ਨੂੰ ਅਸਥਾਈ ਤੌਰ 'ਤੇ ਕੁਰਕ ਕਰਨ ਤੋਂ ਪਹਿਲਾਂ ਇਸ ਦਾ ਕਾਰਨ ਨਹੀਂ ਦੱਸਿਆ ਗਿਆ। ਇੱਕ ਜਾਇਦਾਦ 1991 ਵਿੱਚ ਖਰੀਦੀ ਗਈ ਤੇ ਦੂਸਰੀ ਅਪੀਲ ਸ਼ਾਮਲ ਜਾਇਦਾਦ 2012 ਵਿੱਚ ਖਰੀਦੀ ਗਈ ਸੀ, ਜਦ ਕਿ ਅਪਰਾਧ ਫਰਵਰੀ ਮਾਰਚ 2013 'ਚ ਹੋਇਆ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਅਪਰਾਧ ਨਾਲ ਆਏ ਪੈਸਿਆਂ ਨਾਲ ਇਹ ਜਾਇਦਾਦਾਂ ਖਰੀਦੀਆਂ ਗਈਆਂ।

ਅਦਾਲਤ ਨੇ ਕਿਹਾ ਕਿ ਪੀ ਐੱਮ ਐੱਲ ਏ ਦੀ ਧਾਰਾ 24 ਅਨੁਸਾਰ ਇਸ ਜਾਇਦਾਦ ਦਾ ਮਨੀ ਲਾਂਡਰਿੰਗ ਨਾਲ ਸੰਬੰਧ ਨਹੀਂ ਹੈ। ਅਦਾਲਤ ਨੇ ਕਿਹਾ ਕਿ ਅਥਾਰਟੀਜ਼ ਨੂੰ ਗੈਰ ਨਿਰਦੇਸ਼ਤ ਅਤੇ ਬੇਲਗਾਮ ਅਧਿਕਾਰ ਮਿਲ ਜਾਵੇਗਾ ਤੇ ਉਹ ਕਿਸੇ ਨੂੰ ਵੀ ਫਸਾ ਸਕਦੇ ਹਨ, ਭਾਵੇਂ ਉਸ ਦਾ ਅਪਰਾਧ ਨਾਲ ਇਸ ਤੋਂ ਮਿਲੇ ਪੈਸਿਆਂ ਨਾਲ ਕੋਈ ਸਿੱਧਾ ਜਾਂ ਅਸਿੱਧਾ ਲੈਣਾ-ਦੇਣਾ ਹੋਵੇ ਜਾਂ ਨਾ ਹੋਵੇ, ਬਲਕਿ ਉਸ ਵਿਅਕਤੀ ਦੀਆਂ ਹੋਰ ਜਾਇਦਾਦਾਂ ਨਾਲ ਉਸ ਦਾ ਵਾਸਤਾ ਹੈ (ਜਿਸ ਦਾ ਇਸ ਅਪਰਾਧ ਨਾਲ ਕੋਈ ਲੈਣਾ ਦੇਣਾ ਨਹੀਂ) ਜਿਸ ਵਿੱਚ ਅਪਰਾਧ ਕਰ ਕੇ ਪੈਸੇ ਜਮ੍ਹਾ ਕੀਤੇ ਹਨ।

# ਉਲੰਘਣਾ ਦੇ ਚਲਦੇ ਮੈਰਿਜ ਪੈਲੇਸ ਮਾਲਕ ਗ੍ਰਿਫਤਾਰ

ਤਰਨ ਤਾਰਨ, 22 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਕਰ ਕੇ ਜ਼ਿਲਾ ਪ੍ਰਸ਼ਾਸਨ ਵੱਲੋਂ ਸ਼ਾਦੀ ਸਮਾਗਮਾਂ ਦੌਰਾਨ 20 ਵਿਅਕਤੀਆਂ ਤੋਂ ਵੱਧ ਦੇ ਇਕੱਠੇ ਹੋਣ ਦੀ ਪਾਬੰਦੀ ਦੀ ਉਲੰਘਣਾ ਕਰ ਰਹੇ ਛੇ ਮੈਰਿਜ ਪੈਲੇਸਾਂ ਦੇ ਮਾਲਕਾਂ ਅਤੇ ਕਈ ਹੋਰਨਾਂ ਖਿਲਾਫ ਸੰਬੰਧਤ ਥਾਣੇ ਵਿੱਚ ਕੇਸ ਦਰਜ ਕੀਤੇ ਗਏ ਹਨ। ਐੱਸ ਪੀ (ਪੜਤਾਲ) ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਯੂ ਕੇ ਪੈਲੇਸ ਸਰਹਾਲੀ, ਭੱਠਲ ਫਾਰਮ ਨੌਸ਼ਹਿਰਾ ਪੰਨੂਆਂ, ਸਤਲੁਜ ਪੈਲੇਸ ਹਰੀਕੇ, ਕਬੀਲਾ ਰੈਸਟੋਰੈਂਟ ਰਸੂਲਪੁਰ, ਲਾਈਮ ਲਾਈਟ ਪੈਲੇਸ ਭਿੱਖੀਵਿੰਡ ਅਤੇ ਢਿੱਲੋਂ ਫਾਰਮ ਜੀਓਬਾਲਾ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਢਿੱਲੋਂ ਫਾਰਮ ਜੀਓਬਾਲਾ ਵਿੱਚ ਹੋਏ ਵਿਆਹ ਵਿੱਚ 500 ਦੇ ਕਰੀਬ ਲੋਕ ਸ਼ਾਮਲ ਸਨ। ਇਸ ਲਈ ਪੈਲੇਸ ਦੇ ਮਾਲਕ ਪਰਮਜੀਤ ਸਿੰਘ ਪੰਮੀ ਤੇ ਮੈਨੇਜਰ ਗੁਰਦੇਵ ਸਿੰਘ ਵਾਸੀ ਜੀਓਬਾਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕਬੀਲਾ ਪੈਲੇਸ ਦੇ ਮਾਲਕ ਗੌਰਵ ਰਾਮਪਾਲ, ਯੂ ਕੇ ਪੈਲੇਸ ਦੇ ਮਾਲਕ ਗੁਰਿੰਦਰ ਸਿੰਘ ਵਾਸੀ ਸਰਹਾਲੀ ਦੇ ਨਾਲ ਲਵਪ੍ਰੀਤ ਸਿੰਘ ਪੁੱਤਰ ਤਰਸੇਮ ਸਿੰਘ ਤੇ ਲਵਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਤਰਨ ਤਾਰਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਨੌਸ਼ਹਿਰਾ ਪੰਨੂਆਂ ਦੇ ਫਾਰਮ ਮਾਲਕ ਜਤਿੰਦਰ ਸਿੰਘ, ਹਰੀਕੇ ਦੇ ਪੈਲੇਸ ਦੇ ਮਾਲਕ ਰੋਸ਼ਨ ਲਾਲ ਅਤੇ ਮੈਨੇਜਰ ਜਸਪਾਲ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਭਿੱਖੀਵਿੰਡ ਦੇ ਪੈਲੇਸ ਦਾ ਮਾਲਕ ਅਵਜੀਤ ਸਿੰਘ ਅਤੇ ਉਸ ਦਾ ਮੈਨੇਜਰ ਤਰਸੇਮ ਸਿੰਘ ਮੌਕੇ ਤੋਂ ਫਰਾਰ ਹੋ ਗਿਆ।

ਇਸੇ ਤਰ੍ਹਾਂ ਖੰਨਾ ਨੇੜੇ ਜੀ ਟੀ ਰੋਡ 'ਤੇ ਪਿੰਡ ਮੋਹਨਪੁਰ ਸਾਹਮਣੇ ਮੈਰਿਜ ਪੈਲੇਸ ਕਿੰਗ ਕੈਸਲ ਦੇ ਮਾਲਕ ਹਰਦੇਵ ਸਿੰਘ ਅਤੇ ਮੈਨੇਜਰ ਮਨੀਸ਼ ਉੱਤੇ ਥਾਣਾ ਸਦਰ ਪੁਲਸ ਨੇ ਕੇਸ ਦਰਜ ਕੀਤਾ ਹੈ। ਪਤਾ ਲੱਗਾ ਹੈ ਕਿ ਖੰਨਾ ਸਦਰ ਪੁਲਸ ਨੂੰ ਪੈਲੇਸ ਵਿੱਚ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਦੀ ਸੂਚਨਾ ਮਿਲੀ। ਉਨ੍ਹਾਂ ਮੌਕੇ 'ਤੇ ਜਾ ਕੇ ਸਮਾਗਮ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਪੈਲੇਸ ਤੋਂ ਬਾਹਰ ਕੱਢ ਦਿੱਤਾ। ਜ਼ਿਲਾ ਪੁਲਸ ਮੁਖੀ ਹਰਪ੍ਰੀਤ ਸਿੰਘ ਨੇ ਇਸ ਸਾਰੇ ਮੈਰਿਜ ਪੈਲੇਸਾਂ ਦੇ ਮਾਲਕਾਂ ਨੂੰ ਕਿਹਾ ਕਿ ਜੇ ਉਨ੍ਹਾਂ ਨੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਕਰ ਕੇ 20 ਤੋਂ ਵੱਧ ਲੋਕ ਮੈਰਿਜ ਪੈਲੇਸਾਂ ਵਿੱਚ ਇਕੱਠੇ ਕੀਤੇ ਤਾਂ ਉਨ੍ਹਾਂ ਖਿਲਾਫ ਹੋਰ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਦੂਸਰੇ ਪਾਸੇ ਸੰਤ ਈਸ਼ਰ ਸਿੰਘ ਪਬਲਿਕ ਸਕੂਲ ਰਾੜਾ ਸਾਹਿਬ ਦੇ ਪ੍ਰਿੰਸੀਪਲ ਵਿਰੁੱਧ ਸਕੂਲ 'ਚ ਸੈਮੀਨਾਰ ਰਾਹੀਂ ਇਕੱਠ ਕਰਨ 'ਤੇ ਪਰਚਾ ਦਰਜ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਤੇ ਸਿਖਿਆ ਵਿਭਾਗ ਨੇ ਕਈ ਦਿਨ ਪਹਿਲਾਂ ਹੁਕਮ ਦੇ ਦਿੱਤੇ ਸਨ ਕਿ ਕੋਰੋਨਾ ਵਾਇਰਸ ਕਾਰਨ ਪੰਜਾਬ ਦੇ ਸਾਰੇ ਸਕੂਲ 31 ਮਾਰਚ ਤੱਕ ਬੰਦ ਰਹਿਣਗੇ, ਪਰ ਸਕੂਲ ਦੇ ਪ੍ਰਿੰਸੀਪਲ ਨੇ ਇਸ ਦੀ ਉਲੰਘਣਾ ਕਰ ਕੇ ਕੱਲ੍ਹ ਸਕੂਲ ਵਿੱਚ ਸੈਮੀਨਾਰ ਲਈ ਇਕੱਠ ਕਰ ਲਿਆ, ਜਿਸ ਦਾ ਪਤਾ ਲੱਗਣ 'ਤੇ ਪੁਲਸ ਨੇ ਛਾਪਾ ਮਾਰਿਆ ਅਤੇ ਚਾਲੀ ਤੋਂ ਵੱਧ ਲੋਕ ਹਾਜ਼ਰ ਵੇਖ ਕੇ ਪ੍ਰਿੰਸੀਪਲ ਨੀਰਜ ਕੁਮਾਰ ਦੇ ਖਿਲਾਫ ਪਰਚਾ ਦਰਜ ਲਿਆ। ਐੱਸ ਐੱਚ ਓ ਪਾਇਲ ਕਰਨੈਲ ਸਿੰਘ ਨੇ ਦੱਸਿਆ ਕਿ ਪ੍ਰਿੰਸੀਪਲ ਨੇ ਕਾਨੂੰਨ ਨੂੰ ਉਲੰਘਿਆ ਹੈ, ਉਸ ਦੇ ਖਿਲਾਫ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

# ਚਿਕਨ ਕਾਰਨਰ ਦੇ ਅਹਾਤੇ ਉੱਤੇ ਲੋਕਾਂ ਨੂੰ ਸ਼ਰਾਬ ਪਿਆਈ ਜਾਂਦੀ ਫੜੀ, ਮੈਨੇਜਰ ਕਾਬੂ



ਜਲੰਧਰ, 22 ਮਾਰਚ (ਪੋਸਟ ਬਿਊਰੋ)- ਇਸ ਮਹਾਨਗਰ ਦੇ ਏ ਸੀ ਪੀ ਸੈਂਟਰਲ ਹਰਸਿਮਰਤ ਸਿੰਘ ਛੇਤਰਾ ਨੇ ਦੱਸਿਆ ਕਿ ਨੈਸ਼ਨਲ ਹਾਈਵੇ 'ਤੇ ਪਰਾਗਪੁਰ ਕੋਲ ਅਹਾਤੇ ਵਿੱਚ ਬਿਠਾ ਕੇ ਲੋਕਾਂ ਨੂੰ ਸ਼ਰਾਬ ਪਿਆਉਣ ਦੇ ਦੋਸ਼ ਵਿੱਚ ਥਾਣਾ ਰਾਮਾ ਮੰਡੀ ਦੀ ਦਕੋਹਾ ਚੌਕੀ ਦੀ ਪੁਲਸ ਨੇ ਮਲਹੋਤਰਾ ਚਿਕਨ ਕਾਰਨਰ ਦੇ ਮੈਨੇਜਰ ਆਲੋਕ ਸ਼ਾਹ ਪੁੱਤਰ ਈਸ਼ਵਰੀ ਸ਼ਾਹ ਵਾਸੀ ਜ਼ਿਲਾ ਪਲਾਮੂ (ਝਾਰਖੰਡ) ਨੂੰ ਗ੍ਰਿਫਤਾਰ ਕੀਤਾ ਹੈ।

ਛੇਤਰਾ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਕੋਰੋਨਾ ਵਾਇਰਸ ਨੂੰ ਵੇਖ ਕੇ ਪੰਜਾਬ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਉਲੰਘਣਾ ਕਰ ਕੇ ਮਲਹੋ-ਤਰਾ ਚਿਕਨ ਕਾਰਨਰ ਅਹਾਤੇ 'ਤੇ ਲੋਕਾਂ ਨੂੰ ਬਿਠਾ ਕੇ ਸ਼ਰਾਬ ਪਿਲਾਉਂਦੇ ਅਤੇ ਉਨ੍ਹਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ। ਇਸ ਉੱਤੇ ਐੱਸ ਐੱਚ ਓ ਰਾਮਾ ਮੰਡੀ ਸੁਲੱਖਣ ਸਿੰਘ ਬਾਜਵਾ ਦੀ ਅਗਵਾਈ ਵਿੱਚ ਮਲਹੋਤਰਾ ਚਿਕਨ ਕਾਰਨਰ 'ਤੇ ਰੇਡ ਕੀਤੀ ਤਾਂ ਕਾਫੀ ਗਿਣਤੀ ਵਿੱਚ ਬੈਠੇ ਲੋਕਾਂ ਨੂੰ ਚਿਕਨ ਨਾਲ ਸ਼ਰਾਬ ਪਰੋਸੀ ਜਾ ਰਹੀ ਸੀ। ਪੁਲਸ ਨੇ ਸ਼ਰਾਬ ਪੀਂਦੇ ਲੋਕਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ, ਪਰ ਸ਼ਰਾਬ ਪਿਲਾਉਣ ਵਾਲੇ ਮੈਨੇਜਰ ਆਲੋਕ ਸ਼ਾਹ ਨੂੰ ਫੜ ਕੇ ਉਸ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਛੇ ਸਾਲ ਪਹਿਲਾਂ ਮਰੀ ਮਾਂ ਨੂੰ ਰਜਿਸਟਰੀ ਵਿੱਚ ਜਿੰਦਾ ਦੱਸਣ ਵਾਲੇ ਪੁੱਤਰ ਅਤੇ ਨੂੰਹ ਉਤੇ ਕੇਸ ਦਰਜ

ਜਲੰਧਰ, 22 ਮਾਰਚ (ਪੋਸਟ ਬਿਊਰੋ)- ਥਾਣਾ ਨਵੀਂ ਬਾਰਾਦਰੀ ਵਿੱਚ ਕਮਲ ਵਿਹਾਰ ਦੇ ਸਾਢੇ ਨੌਂ ਮਰਲੇ ਦੇ ਵਿਵਾਦਤ ਪਲਾਟ ਦੇ ਕੇਸ ਵਿੱਚ ਸਾਜ਼ਿਸ਼ ਦੇ ਤਹਿਤ ਧੋਖਾਧੜੀ ਤੇ ਜਾਅਲਸਾਜ਼ੀ ਦਾ ਪਰਚਾ ਦਰਜ ਕੀਤਾ ਗਿਆ ਹੈ। ਇਸ ਕੇਸ ਵਿੱਚ ਪਲਾਟ ਦੀ ਮਾਲਕਣ ਦੇ ਬੇਟੇ ਗੁਰਜੀਤ ਸਿੰਘ ਤੇ ਨੂੰਹ ਜਸਬੀਰ ਕੌਰ ਨੂੰ ਦੋਸ਼ੀ ਬਣਾ ਕੇ ਸਬ ਰਜਿਸਟਰਾਰ ਦੀ ਸ਼ਿਕਾਇਤ 'ਤੇ ਇਸ ਤਰ੍ਹਾਂ ਦਾ ਕੇਸ ਦਰਜ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਬੀਤੇ ਸਾਲ 16 ਅਗਸਤ ਨੂੰ ਸਬ ਰਜਿਸਟਰਾਰ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਸੀ। ਉਨ੍ਹਾਂ ਦੱਸਿਆ ਸੀ ਕਿ ਉਨ੍ਹਾਂ ਕੋਲ ਅਰਵਿੰਦਰ ਕੁਮਾਰ ਨੇ ਸ਼ਿਕਾਇਤ ਕੀਤੀ ਹੈ ਕਿ ਕਮਲ ਵਿਹਾਰ ਵਿੱਚ ਇੱਕ ਸਾਢੇ ਨੌਂ ਮਰਲੇ ਦੇ ਪਲਾਟ ਦੀ ਮਾਲਕਣ ਜੋਗਿੰਦਰ ਕੌਰ ਸੀ। ਉਸ ਨੇ ਆਪਣੇ ਬੇਟੇ ਗੁਰਜੀਤ ਸਿੰਘ ਨੂੰ 19 ਅਪ੍ਰੈਲ 2012 ਨੂੰ ਪਲਾਟ ਦੀ ਪਾਵਰ ਆਫ ਅਟਾਰਨੀ ਦਿੱਤੀ ਸੀ। ਇਸ ਦੌਰਾਨ 29 ਅਕਤੂਬਰ 2019 ਨੂੰ ਜੋਗਿੰਦਰ ਕੌਰ ਦੀ ਮੌਤ ਹੋ ਗਈ। ਉਸ ਦੀ ਮੌਤ ਦੇ ਬਾਵਜੂਦ ਗੁਰਜੀਤ ਸਿੰਘ ਨੇ ਉਕਤ ਪਾਵਰ ਆਫ ਅਟਾਰਨੀ 'ਤੇ ਪਤਨੀ ਜਸਬੀਰ ਕੌਰ ਦੇ ਨਾਂਅ 'ਤੇ 18 ਦਸੰਬਰ 2018 ਨੂੰ ਰਜਿਸਟਰੀ ਕਰਵਾ ਦਿੱਤੀ। ਇਸ ਰਜਿਸਟਰੀ ਵਿੱਚ ਬਾਕਾਇਦਾ ਲਿਖਿਆ ਗਿਆ ਹੈ ਕਿ ਪਾਵਰ ਆਫ ਅਟਾਰਨੀ ਦੇਣ ਵਾਲੀ ਜਿੰਦਾ ਹੈ। ਅਰਵਿੰਦਰ ਕੁਮਾਰ ਨੇ ਕਿਹਾ ਕਿ ਇਹ ਜ਼ਮੀਨ ਸਾਜ਼ਿਸ ਦੇ ਤਹਿਤ ਗੁਰਜੀਤ ਦੇ ਭਰਾ ਗੁਰਪ੍ਰੀਤ ਸਿੰਘ ਨੇ ਉਕਤ ਜ਼ਮੀਨ ਉਸ ਨੂੰ ਵੇਚ ਦਿੱਤੀ। ਜਾਂਚ ਵਿੱਚ ਗੁਰਜੀਤ ਨੂੰ ਬੁਲਾਇਆ ਗਿਆ ਤਾਂ ਉਸ ਨੇ ਕਿਹਾ ਕਿ ਮਾਂ ਨੇ ਉਸ ਨੂੰ ਪਾਵਰ ਆਫ ਅਟਾਰਨੀ ਦੇ ਦਿੱਤੀ ਸੀ। ਮਾਂ ਜਦ ਜਿੰਦਾ ਸੀ ਤਾਂ ਉਸ ਨੇ ਉਕਤ ਪਲਾਟ ਦਾ ਸੌਦਾ ਰਾਜੇਸ਼ ਕੁਮਾਰ ਨਾਲ ਕੀਤਾ ਸੀ। ਮਾਂ ਦੀ ਮੌਤ ਹੋ ਗਈ। ਉਸ ਨੇ ਵਿਦੇਸ਼ ਜਾਣਾ ਸੀ ਤਾਂ ਇਹ ਸੋਚ ਕੇ ਪਤਨੀ ਦੇ ਨਾਂਅ ਰਜਿਸਟਰੀ ਕਰਵਾ ਦਿੱਤੀ ਕਿ ਪਤਨੀ ਰਾਜੇਸ਼ ਨੂੰ ਅੱਗੇ ਰਜਿਸਟਰੀ ਕਰਵਾ ਦੇਵੇ। ਜੋਗਿੰਦਰ ਕੌਰ ਦੇ ਬੇਟੇ ਗੁਰਪ੍ਰੀਤ ਸਿੰਘ ਤੇ ਪਤੀ ਵੀ ਉਕਤ ਜ਼ਮੀਨ ਦੇ ਕਾਨੂੰਨੀ ਹੱਕਦਾਰ ਬਣਦੇ ਸਨ। ਗੁਰਜੀਤ ਨੇ ਜਾਂਚ ਵਿੱਚ ਦਾਅਵਾ ਕੀਤਾ ਸੀ ਕਿ ਭਰਾ ਨੇ ਗਲਤ ਤਰੀਕੇ ਨਾਲ ਆਪਣੇ ਨਾਂਅ ਵਿਰਾਸਤ ਚੜ੍ਹਾਈ ਹੈ। ਉਕਤ ਪਲਾਟ ਨੂੰ ਖਰੀਦਣ ਵਾਲੇ ਦੋਵੇਂ ਵਿਅਕਤੀ ਕਾਨੂੰਨੀ ਲੜਾਈ ਲੜ ਰਹੇ ਹਨ। ਜਾਂਚ ਵਿੱਚ ਕਿਹਾ ਗਿਆ ਹੈ ਕਿ ਗੁਰਜੀਤ ਸਿੰਘ ਨੇ ਇੱਕ ਸਾਜ਼ਿਸ਼ ਦੇ ਤਹਿਤ ਪਤਨੀ ਸਮੇਤ ਉਕਤ ਕੰਮ ਕੀਤਾ ਹੈ।








Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**



**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Toronto $179,000**



**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900**



**Old Church & Atchinson:** Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900**

Techlogics

**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000**

Photo Not Available

**10635 Bramalea Rd J-4:** Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000**



**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000**

Photo Not Available

**5380 Terry Fox Way 12:** Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000**

Photo Not Available

**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000**

Photo Not Available

**284 Orenda Dr 19:** Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000**



**7800 Hurontario St 1 :** Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000**



**15 Gateway Blvd:** Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000**



**Clark & Bramalea:** Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000**



**Warden And Steeles:** Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

# ਕੋਵਿਡ-19 ਕਾਰਨ ਓਨਟਾਰੀਓ ਵਿੱਚ ਹੋਈ ਤੀਜੀ ਮੌਤ

...ਪੰਨਾ 1 ਦਾ ਬਾਕੀ

ਇਸ ਤੋਂ ਕੁੱਝ ਸਮੇਂ ਬਾਅਦ ਹੀ ਸਿਮਕੋਏ ਮਸਕੋਕਾ ਡਿਸਟ੍ਰਿਕਟ ਹੈਲਥ ਯੂਨਿਟ(ਐਸਐਮਡੀਐਚਯੂ)ਵੱਲੋਂ ਕੀਤੀ ਗਈ ਰਿਪੋਰਟ ਅਨੁਸਾਰ ਬੈਰੀ ਸਥਿਤ ਰੌਇਲ ਵਿਕਟੋਰੀਆ ਰੀਜਨਲ ਹੈਲਥ ਸੈਂਟਰ ਵਿੱਚ ਇੱਕ 70 ਸਾਲਾ ਵਿਅਕਤੀ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਬੈਰੀ, ਓਨਟਾਰੀਓ ਦੇ 77 ਸਾਲਾ ਵਿਅਕਤੀ ਤੇ ਮਿਲਟਨ, ਓਨਟਾਰੀਓ ਦੇ 51 ਸਾਲਾ ਵਿਅਕਤੀ ਦੀ ਵੀ ਕਰੋਨਾਵਾਇਰਸ ਕਾਰਨ ਮੌਤ ਹੋ ਚੁੱਕੀ ਹੈ। ਜਿਸ ਵਿਅਕਤੀ ਦੀ ਮੌਤ ਸਬੰਧੀ ਸ਼ਨਿੱਚਰਵਾਰ ਨੂੰ ਐਲਾਨ ਕੀਤਾ ਗਿਆ, ਉਸ ਦਾ ਇਲਾਜ ਬੈਰੀ ਦੇ ਹਸਪਤਾਲ ਤੋਂ ਹੋ ਰਿਹਾ ਸੀ।

ਐਸਐਮਡੀਐਚਯੂ ਦੇ ਮੈਡੀਕਲ ਆਫੀਸਰ ਆਫ ਹੈਲਥ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇਹ ਬਹੁਤ ਹੀ ਮੰਦਭਾਗੀ ਖਬਰ ਹੈ ਤੇ ਇਸ ਦੁੱਖ ਦੀ ਘੜੀ ਵਿੱਚ ਅਸੀਂ ਪਰਿਵਾਰ ਨਾਲ ਹਾਂ। ਇਸ ਤੋਂ ਸਾਨੂੰ ਮੌਜੂਦਾ ਹਾਲਾਤ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ ਤੇ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਕਮਿਊਨਿਟੀ, ਸੰਸਥਾ ਤੇ ਵਿਅਕਤੀ ਵਿਸ਼ੇਸ਼ ਵਜੋਂ ਸਾਨੂੰ ਇੱਕ ਦੂਜੇ ਦੀ ਹਿਫਾਜ਼ਤ ਲਈ ਰਲ ਕੇ ਕੰਮ ਕਰਨਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਸਿਮਕੋਏ ਮਸਕੋਕਾ ਵਿੱਚ ਹੁਣ ਕੋਵਿਡ-19 ਦੇ ਨੌਂ ਮਾਮਲੇ ਹਨ, ਜਿਨ੍ਹਾਂ ਵਿੱਚ ਇੱਕ 30 ਸਾਲਾ ਮਹਿਲਾ ਵੀ ਸ਼ਾਮਲ ਹੈ ਤੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਸ ਦਾ ਇਲਾਜ ਸਾਊਥਲੇਕ ਰੀਜਨਲ ਹੈਲਥ ਸੈਂਟਰ ਵਿੱਚ ਚੱਲ ਰਿਹਾ ਹੈ। ਸ਼ਨਿੱਚਰਵਾਰ ਸਵੇਰੇ ਅਧਿਕਾਰੀਆਂ ਨੇ ਦੱਸਿਆ ਕਿ ਓਨਟਾਰੀਓ ਵਿੱਚ ਕੋਵਿਡ-19 ਦਾ ਇੱਕ ਹੋਰ ਮਾਮਲਾ ਠੀਕ ਹੋਇਆ ਹੈ ਤੇ ਇਸ ਨਾਲ ਓਨਟਾਰੀਓ ਵਿੱਚ ਕੋਵਿਡ-19 ਤੋਂ ਸਿਹਤਯਾਬ ਹੋਣ ਵਾਲਿਆਂ ਦੀ ਗਿਣਤੀ ਛੇ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹੁਣ ਤੱਕ ਓਨਟਾਰੀਓ ਵਿੱਚ 7239 ਲੋਕਾਂ ਦੀ ਜਾਂਚ ਚੱਲ ਰਹੀ ਹੈ ਜਦਕਿ 15,768 ਲੋਕਾਂ ਦੀ ਜਾਂਚ ਦੇ ਨਮੂਨੇ ਨੈਗੇਟਿਵ ਆ ਚੁੱਕੇ ਹਨ।

ਸ਼ਨਿੱਚਰਵਾਰ ਨੂੰ ਐਲਾਨੇ ਗਏ ਨਵੇਂ ਮਾਮਲਿਆਂ ਵਿੱਚੋਂ ਦੋ ਟੋਰਾਂਟੋ ਵਿੱਚ, ਚਾਰ ਪੀਲ ਰੀਜਨ ਵਿੱਚ, ਤਿੰਨ ਸਿਮਕੋਏ ਮਸਕੋਕਾ ਵਿੱਚ, ਪੰਜ ਯੌਰਕ ਰੀਜਨ ਵਿੱਚ, ਇੱਕ ਹੇਸਟਿੰਗਜ਼ ਪ੍ਰਿੰਸ ਐਡਵਰਡ ਵਿੱਚ, ਇੱਕ ਓਟਵਾ ਵਿੱਚ ਤੇ ਇੱਕ ਦਰਹਾਮ ਰੀਜਨ ਵਿੱਚ ਪਾਇਆ ਗਿਆ। 42 ਹੋਰ ਕੇਸਾਂ ਦੀਆਂ ਲੋਕੇਸ਼ਨਾਂ ਦਾ ਅਜੇ ਪਤਾ ਨਹੀਂ ਲੱਗਿਆ ਹੈ।

# ਜ਼ਰੂਰੀ ਵਸਤਾਂ ਦਾ ਵੱਧ ਮੁੱਲ ਲੈਣ ਤੇ ਭੰਡਾਰ ਕਰਨ ’ਤੇ ਹੋਵੇਗੀ ਸਜ਼ਾ

ਫ਼ਾਜ਼ਿਲਕਾ, 22 ਮਾਰਚ (ਪੋਸਟ ਬਿਊਰੋ): ਕੋਵਿਡ 19 ਨੂੰ ਲੈ ਕੇ ਲੋਕਾਂ ਵਿਚ ਜਰੂਰੀ ਵਸਤਾਂ ਦੇ ਭੰਡਾਰ ਕਰਨ ਦੀ ਲੱਗੀ ਦੌੜ ਨੂੰ ਮੱਦੇਨਜਰ ਰੱਖਦੇ ਹੋਏ ਸਰਕਾਰ ਨੇ ਜਰੂਰੀ ਵਸਤਾਂ ਐਕਟ 1955 ਅਧੀਨ ਜਰੂਰੀ ਵਸਤਾਂ ਤੇ ਸੇਵਾਵਾਂ, ਜਿੰਨਾ ਦੀ ਨਿਤ ਪ੍ਰਤੀ ਦਿਨ ਦੀ ਜਿੰਦਗੀ ਵਿਚ ਲੋੜ ਪੈਂਦੀ ਹੈ, ਦੀ ਸੂਚੀ ਜਾਰੀ ਕੀਤੀ ਹੈ। ਇਹ ਜਾਣਕਾਰੀ ਦਿੰਦੇ ਡਿਪਟੀ ਕਮਿਸਨਰ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਇਨਾਂ ਵਸਤਾਂ ਵਿਚ ਅਨਾਜ ਜਿਵੇਂ ਕਿ ਕਣਕ, ਚੌਲ ਤੇ ਆਟਾ, ਦਾਲਾਂ, ਖਾਣ ਵਾਲੇ ਤੇਲ, ਸਬਜੀਆਂ, ਖੰਡ, ਗੁੜ, ਦੁੱਧ, ਚਾਹ, ਲੂਣ ਤੋਂ ਇਲਾਵਾ ਵਾਇਰਸ ਨੂੰ ਰੋਕਣ ਲਈ ਵਰਤੇ ਜਾਂਦੇ ਮਾਸਕ ਅਤੇ ਹੈਂਡ ਸੇਨੀਟਾਈਜਰ ਸਾਮਿਲ ਹਨ, ਨੂੰ ਜਰੂਰੀ ਵਸਤਾਂ ਵਿਚ ਸਾਮਿਲ ਕੀਤਾ ਗਿਆ ਹੈ। ਇਨਾਂ ਵਸਤਾਂ ਦੀ ਸਪਲਾਈ ਉਤੇ ਕੋਈ ਰੋਕ ਨਹੀਂ ਲੱਗੇਗੀ ਅਤੇ ਨਾ ਹੀ ਇਨਾਂ ਵਸਤਾਂ ਨੂੰ ਵੱਡੀ ਮਾਤਰਾ ਵਿਚ ਭੰਡਾਰ ਕੀਤਾ ਜਾ ਸਕੇਗਾ।

ਡਿਪਟੀ ਕਮਿਸ਼ਨਰ ਸੰਧੂ ਨੇ ਦੱਸਿਆ ਕਿ ਜਰੂਰੀ ਐਲਾਨੀਆਂ ਸੇਵਾਵਾਂ ਵਿਚ ਕਰਿਆਨਾ, ਪੀਣ ਵਾਲੇ ਪਦਾਰਥਾਂ, ਫਲ, ਸਬਜੀਆਂ, ਪਸ਼ੂਆਂ ਦਾ ਚਾਰਾ ਦੀ ਸਪਲਾਈ, ਖੁਰਾਕੀ ਪਦਾਰਥ ਬਨਾਉਣ ਵਾਲੇ ਸਨਅਤੀ ਯੂਨਿਟ, ਪੈਟਰੋਲ, ਡੀਜਲ, ਸੀ ਐਨ ਜੀ ਦੀ ਸਪਲਾਈ ਤੇ ਵੰਡ, ਸੈਲਰ, ਮਿਲਕ ਪਲਾਂਟ, ਡੇਅਰੀ ਯੂਨਿਟ, ਪਸ਼ੂਆਂ ਦਾ ਚਾਰਾ ਤਿਆਰ ਕਰਨ ਵਾਲੇ ਯੂਨਿਟ, ਐਲ ਪੀ ਜੀ ਦੀ ਸਪਲਾਈ, ਮੈਡੀਕਲ ਸਟੋਰ, ਸਿਹਤ ਸੇਵਾਵਾਂ, ਸਿਹਤ ਉਪਕਰਨ ਬਨਾਉਣ ਵਾਲੇ ਯੂਨਿਟ, ਸੰਚਾਰ ਸੇਵਾਵਾਂ, ਬੀਮਾ ਕੰਪਨੀਆਂ, ਬੈਂਕ ਤੇ ਏ ਟੀ ਐਮ, ਡਾਕ ਘਰ, ਕਣਕ ਤੇ ਚੌਲ ਦੀ ਸਪਲਾਈ ਅਤੇ ਇਨਾਂ ਲਈ ਵਰਤੋਂ ਵਿਚ ਆਉਂਦੀਆਂ ਵਸਤਾਂ ਜਿਵੇਂ ਕਿ ਬੋਰੀਆਂ, ਤਰਪਾਲਾਂ, ਕਰੇਟ ਆਦਿ, ਕਣਕ ਕੱਟਣ ਲਈ ਕੰਬਾਇਨ ਤੇ ਹੋਰ ਔਜਾਰ, ਖੇਤੀ ਸੰਦ ਬਨਾਉਣ ਵਾਲੇ ਯੂਨਿਟ ਆਦਿ ਸਾਮਿਲ ਹਨ, ਨੂੰ ਰੱਖਿਆ ਗਿਆ ਹੈ। ਉਨਾਂ ਕਿਹਾ ਕਿ ਇਨਾਂ ਸੇਵਾਵਾਂ ਉਤੇ ਕਿਸੇ ਵੀ ਤਰਾਂ ਦੀ ਰੋਕ ਨਹੀਂ ਰਹੇਗੀ। ਸੰਧੂ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਜਾਂ ਫਰਮਾਂ ਇਨਾਂ ਵਸਤਾਂ ਦੀ ਕਾਲਾ ਬਾਜਾਰੀ ਕਰਨਗੀਆਂ ਉਨਾਂ ਵਿਰੁੱਧ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਕੋਵਿਡ-19 ਮਹਾਮਾਰੀ ਦੌਰਾਨ ਓਨਟਾਰੀਓ ਦੇ ਪਰਿਵਾਰਾਂ ਦੇ ਉੱਚੇ ਹਾਈਡਰੋ ਬਿੱਲਾਂ ਦਾ ਬੋਝ ਸਰਕਾਰ ਝੱਲੇਗੀ : ਫੋਰਡ



ਟੋਰਾਂਟੋ, 22 ਮਾਰਚ (ਪੋਸਟ ਬਿਊਰੋ) : ਕੋਵਿਡ-19 ਦੌਰਾਨ ਖੁਦ ਨੂੰ ਘਰਾਂ ਵਿੱਚ ਆਈਸੋਲੇਟ ਕਰਨ ਵਾਲੇ ਕਈ ਮਿਲੀਅਨ ਓਨਟਾਰੀਓ ਰੇਟਪੇਅਰਜ਼ ਨੂੰ ਇਹ ਧੁੜਕੂ ਲੱਗਿਆ ਹੋਇਆ ਹੈ ਕਿ ਹੁਣ ਉਨ੍ਹਾਂ ਨੂੰ ਵਧੇ ਹੋਏ ਹਾਈਡਰੋ ਬਿਲਜ਼ ਦਾ ਸਾਹਮਣਾ ਕਰਨਾ ਪਵੇਗਾ। ਪ੍ਰੀਮੀਅਰ ਡੱਗ ਫੋਰਡ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਮਹਾਮਾਰੀ ਦੌਰਾਨ ਓਨਟਾਰੀਓ ਦੇ ਪਰਿਵਾਰਾਂ ਦਾ ਇਹ ਬੋਝ ਸਰਕਾਰ ਆਪ ਝੱਲੇਗੀ ਤੇ ਸਾਰਿਆਂ ਲਈ ਰਾਹਤ ਜਾਰੀ ਕਰੇਗੀ।

ਪ੍ਰੋਵਿੰਸ ਵਾਸੀਆਂ, ਜਿਨ੍ਹਾਂ ਨੂੰ ਘਰ ਤੋਂ ਕੰਮ ਕਰਨ ਲਈ ਆਖਿਆ ਗਿਆ ਹੈ ਜਾਂ ਜਿਨ੍ਹਾਂ ਨੇ ਖੁਦ ਨੂੰ ਆਈਸੋਲੇਟ ਕਰਨ ਦਾ ਮਨ ਬਣਾਇਆ ਹੈ, ਵੱਲੋਂ ਦਿਨ ਵੇਲੇ ਮਹਿੰਗੇ ਇਲੈਕਟ੍ਰਿਸਿਟੀ ਰੇਟਾਂ ਬਾਰੇ ਚਿੰਤਾ ਪ੍ਰਗਟਾਈ ਗਈ। ਇਨ੍ਹਾਂ ਓਨਟਾਰੀਓ ਵਾਸੀਆਂ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਇਕ ਵਾਰੀ ਮਹਾਮਾਰੀ ਗੁਜ਼ਰ ਜਾਣ ਤੋਂ ਬਾਅਦ ਉਨ੍ਹਾਂ ਨੂੰ ਮਹਿੰਗੇ ਹਾਈਡਰੋ ਬਿੱਲ ਭਰਨੇ ਪੈਣਗੇ।

ਸ਼ਨਿੱਚਰਵਾਰ ਨੂੰ ਫੋਰਡ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਆਖਿਆ ਕਿ ਉਨ੍ਹਾਂ ਦੀ ਕੈਬਨਿਟ ਐਨਰਜੀ ਦੀਆਂ ਕੀਮਤਾਂ ਸਬੰਧੀ ਇਸ ਮੁੱਦੇ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਮਿਲੀ ਸੀ ਤੇ ਅਗਲੇ ਕੁੱਝ ਦਿਨਾਂ ਵਿੱਚ ਹੀ ਹੋਮਓਨਰਜ਼ ਲਈ ਨਵੇਂ ਬਦਲ ਸੁਝਾਉਣ ਵਾਸਤੇ ਨਵੇਂ ਆਰਜ਼ੀ ਮਾਪਦੰਡਾਂ ਦਾ ਐਲਾਨ ਕੀਤਾ ਜਾਵੇਗਾ। ਫੋਰਡ ਨੇ ਆਖਿਆ ਕਿ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਸ ਔਖੀ ਘੜੀ ਵਿੱਚੋਂ ਉਹ ਆਸਾਨੀ ਨਾਲ ਨਿਕਲ ਸਕਣ।

ਕਿਸੇ ਘਰ ਦੀ ਬਿਜਲੀ ਦੀ ਵਰਤੋਂ ਬਾਰੇ ਪਤਾ ਲਾਉਣ ਲਈ ਓਨਟਾਰੀਓ ਸਮਾਰਟ ਮੀਟਰਾਂ ਉੱਤੇ ਨਿਰਭਰ ਕਰਦਾ ਹੈ। ਬਿਜਲੀ ਦੀ ਕੀਮਤ ਪ੍ਰਤੀ ਕਿਲੋਵਾਟ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਦਿਨ ਦੇ ਕਿਸ ਸਮੇਂ ਕਿਸੇ ਵਿਅਕਤੀ ਨੇ ਬਿਜਲੀ ਦੀ ਸੱਭ ਤੋਂ ਵੱਧ ਵਰਤੋਂ ਕੀਤੀ ਹੈ। ਰੋਜ਼ਾਨਾ ਦੇ ਕੰਮਕਾਜ, ਜਿਵੇਂ ਕਿ ਕੱਪੜੇ ਧੋਣਾ, ਖਾਣਾ ਬਣਾਉਣਾ ਤੇ ਡਿਸ਼ਵਾਸ਼ਰ ਚਲਾਉਣਾ ਆਦਿ, ਨੂੰ ਨੇਪਰੇ ਚਾੜ੍ਹਨ ਲਈ ਰੇਟਪੇਅਰਜ਼ ਨੂੰ ਆਨ-ਪੀਕ ਤੇ ਆਫ-ਪੀਕ ਘੰਟੇ ਦਿੱਤੇ ਜਾਂਦੇ ਹਨ। ਸੱਭ ਤੋਂ ਸਸਤੀ ਬਿਜਲੀ ਸ਼ਾਮ ਨੂੰ, ਰਾਤ ਭਰ ਤੇ ਵੀਕੈਂਡਜ਼ ਉੱਤੇ ਮੁਹੱਈਆ ਕਰਵਾਈ ਜਾਂਦੀ ਹੈ।

ਓਨਟਾਰੀਓ ਐਨਰਜੀ ਬੋਰਡ, ਜੋ ਕਿ ਪ੍ਰੋਵਿੰਸ ਵਿੱਚ ਬਿਜਲੀ ਦੀਆਂ ਕੀਮਤਾਂ ਤੈਅ ਕਰਦਾ ਹੈ, ਨੇ ਇਹ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਸਬੰਧ ਵਿੱਚ ਜਲਦ ਹੀ ਫੈਸਲਾ ਲਿਆ ਜਾਵੇਗਾ। ਫੋਰਡ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਘਰਾਂ ਵਿੱਚ ਰਹਿ ਰਹੇ ਲੋਕ ਆਪਣੇ ਹਿਸਾਬ ਨਾਲ ਲੋੜ ਪੈਣ ਉੱਤੇ ਬਿਜਲੀ ਉਪਕਰਣਾਂ ਦੀ ਵਰਤੋਂ ਕਰ ਸਕਣ ਤੇ ਉਨ੍ਹਾਂ ਨੂੰ ਬਿਜਲੀ ਦੇ ਮਹਿੰਗੇ ਬਿੱਲਾਂ ਦਾ ਡਰ ਵੀ ਨਾ ਹੋਵੇ। ਅਜੇ ਇਹ ਪਤਾ ਨਹੀਂ ਲੱਗਿਆ ਕਿ ਸਰਕਾਰ ਇਸ ਮਾਮਲੇ ਨੂੰ ਹੱਲ ਕਰਨ ਲਈ ਕਿਹੜਾ ਰਾਹ ਅਪਣਾਵੇਗੀ ਪਰ ਹਾਈਡਰੋ ਦਰਾਂ ਨੂੰ ਸਥਿਰ ਰੱਖਣ ਲਈ ਸਰਕਾਰ ਨੂੰ ਪਹਿਲਾਂ ਹੀ 5.6 ਬਿਲੀਅਨ ਡਾਲਰ ਇਸ ਵਿੱਤੀ ਵਰ੍ਹੇ ਦੌਰਾਨ ਖਰਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਵਿੱਤ ਮੰਤਰੀ ਰੌਡ ਫਿਲਿਪਸ ਬੁੱਧਵਾਰ ਨੂੰ 2020 ਬਜਟ ਪੇਸ਼ ਕਰਨ ਦੀ ਥਾਂ ਆਰਥਿਕ ਅਪਡੇਟ ਪੇਸ਼ ਕਰਨਗੇ।

## ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਦੀਆਂ ਕੋਸ਼ਿਸ਼ਾਂ ਵੱਡੀ ਚੁਣੌਤੀ : ਡੀ ਜੀ ਪੀ

ਚੰਡੀਗੜ੍ਹ, 22 ਮਾਰਚ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਨੇ ਸੋਸ਼ਲ ਮੀਡੀਆ ਦੇ ਰਾਹੀਂ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਇੱਕ ਵੱਡੀ ਚੁਣੌਤੀ ਕਰਾਰ ਦਿੱਤਾ ਹੈ ਪਰ ਨਾਲ ਹੀ ਇਹ ਵੀ ਕਿਹਾ ਕਿ ਪੰਜਾਬ ਪੁਲਸ ਨੇ ਇਸ ਦਾ ਮੁਕਬਾਲਾ ਕਰਨ ਲਈ ਮਿਸਾਲੀ ਕੰਮ ਕੀਤਾ ਹੈ, ਜਦ ਕਿ ਸਰੱਹਦ ਪਾਰ ਖਾੜਕੂਵਾਦ ਨੂੰ ਰੋਕਣ ਲਈ ਫੋਰਸ ਪੂਰੀ ਤਰ੍ਹਾਂ ਚੌਕਸ ਰਹੀ ਹੈ।

ਸਰਹੱਦ ਪਾਰ ਖਾੜਕੂਵਾਦ ਨੂੰ ਰੋਕਣ ਬਾਰੇ ਡੀ ਜੀ ਪੀ ਨੇ ਕਿਹਾ ਕਿ 1980 ਤੋਂ 1993 ਦੇ ਪੜਾਅ ਦੌਰਾਨ ਪੰਜਾਬ ਵਿੱਚ ਮਿੱਥ ਕੇ ਕਤਲ ਹੋਏ ਅਤੇ ਇਹ ਸਰਗਰਮੀ ਬਹੁਤ ਜ਼ਿਆਦਾ ਸੀ। ਇਸ ਦੌਰਾਨ ਤਕਰਬੀਨ 28000 ਲੋਕ ਜਾਨਾਂ ਗੁਆ ਬੈਠੇ, ਪਰ ਪੰਜਾਬ ਪੁਲਸ ਨੇ ਰਾਜ ਦੇ ਲੋਕਾਂ ਦੇ ਸਹਿਯੋਗ ਨਾਲ ਇਸ 'ਤੇ ਕਾਬੂ ਪਾਇਆ ਸੀ। ਉਨ੍ਹਾ ਕਿਹਾ ਕਿ ਇੱਕ ਸਰਹੱਦੀ ਸੂਬਾ ਹੋਣ ਕਰਕੇ ਪੰਜਾਬ 'ਚ ਪਾਕਿਸਤਾਨ ਆਪਣੇ ਏਜੰਡੇ ਨਾਲ ਨੌਜਵਾਨਾਂ ਨੂੰ ਭੜਕਾਉਣ ਲਈ ਨਸ਼ਿਆਂ ਦੀ ਤਸਕਰੀ ਤੇ ਖਾੜਕੂਵਾਦ ਨੂੰ ਮੁੜ ਪੈਦਾ ਕਰਨ ਲਈ ਡਰੋਨਾ ਦੀ ਵਰਤੋਂ ਕਰਦਾ ਹੈ। ਡੀ ਜੀ ਪੀ ਨੇ ਕਿਹਾ ਕਿ ਪਾਕਿਸਤਾਨ ਦੀ ਲੰਬੀ ਸਰਹੱਦ ਸਾਡੇ ਲਈ ਹਮੇਸ਼ਾਂ ਚੁਣੌਤੀ ਬਣੀ ਰਹੇਗੀ।

ਸਾਬਕਾ ਚੀਫ ਇੰਟੀਗਰੇਟਡ ਡਿਫੈਂਸ ਦੇ ਲੈਫਟੀਨੈਂਟ ਜਨਰਲ ਸਤੀਸ਼ ਦੁਆ ਨੇ ਕਿਹਾ ਕਿ ਰਾਜ ਪੁਲਸ ਤੋਂ ਇਲਾਵਾ ਕਈ ਏਜੰਸੀਆਂ ਨੇ ਪੰਜਾਬ ਵਿੱਚ ਅਮਨ ਕਾਇਮ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ
132'' 88'' 8 Seated Sofa
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation (with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਸੰਪਾਦਕੀ

## ਕੋਰੋਨਾ-ਵਾਇਰਸ ਨਾਲ ਜੁੜੇ ਕੁੱਝ ਕੌੜੇ ਤੱਥ

ਕੱਲ ਬਰੈਂਪਟਨ ਦੇ ਹਾਈਵੇਅ 10 ਅਤੇ ਮੇਅਫੀਲਡ ਏਰੀਆ ਵਿੱਚ ਪੈਂਦੇ ਟਿਮ ਹਾਰਟਨ ਦੇ ਇੱਕ ਮੁਲਾਜ਼ਮ ਨੂੰ ਕੋਰੋਨਾ-ਵਾਇਰਸ ਪਾਜ਼ਿਟਿਵ ਹੋਣ ਦੀ ਖ਼ਬਰ ਨੇ ਪੀਲ ਰੀਜਨ ਵਿੱਚ ਤਰੱਥਲੀ ਮਚਾ ਦਿੱਤੀ। ਕਈ ਲੋਕ ਇਸ ਏਰੀਆ ਬਾਰੇ ਇਉਂ ਗੱਲਾਂ ਕਰਨ ਲੱਗੇ ਹਨ ਜਿਵੇਂ ਪੰਜਾਬ/ਭਾਰਤ ਦੇ ਦਿਹਾਤੀ ਇਲਾਕਿਆਂ ਵਿੱਚ ਪੁਰਾਣੇ ਲੋਕ ਕਿਸੇ ਖਾਸ ਇਲਾਕੇ ਵਿੱਚ ਮਾੜੀਆਂ ਰੂਹਾਂ ਦੇ ਵੱਸਣ ਦੀਆਂ ਅਫਵਾਹਾਂ ਨੂੰ ਲੈ ਕੇ ਕਰਦੇ ਹੁੰਦੇ ਹਨ। ਕੋਰੋਨਾ-ਵਾਇਰਸ ਦੀ ਨਾਮੁਰਾਦ ਬਿਮਾਰੀ ਕਾਰਣ ਆਮ ਪਬਲਿਕ ਦਾ ਡਰਨਾ ਸੁਭਾਵਿਕ ਹੈ ਖਾਸ ਕਰਕੇ ਜਦੋਂ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਕੱਲ ਸ਼ਾਮੀ ਚਾਰ ਵਜੇ ਤੱਕ ਉਂਟੇਰੀਓ ਵਿੱਚ 47 ਨਵੇਂ ਕੇਸ ਰਿਪੋਰਟ ਕੀਤੇ ਜਾ ਚੁੱਕੇ ਸਨ। ਨਵੇਂ ਕੇਸਾਂ ਦੇ ਇਜਾਫ਼ੇ ਨਾਲ ਉਂਟੇਰੀਓ ਵਿੱਚ ਕੁੱਲ ਪਾਜ਼ਿਟਿਵ ਕੇਸਾਂ ਦੀ ਗਿਣਤੀ ਕੈਨੇਡਾ ਵਿੱਚ ਰਿਪੋਰਟ ਕੀਤੇ ਗਏ 1378 ਕੇਸਾਂ ਦੇ ਮੁਕਾਬਲੇ 424 ਹੋ ਗਈ ਹੈ। ਟੋਰਾਂਟੋ ਪਬਲਿਕ ਹੈਲਥ ਮੁਤਾਬਕ 13 ਹੈਲਥ ਕੇਅਰ ਪ੍ਰੋਫੈਸ਼ਨਲਾਂ ਨੂੰ ਵੀ ਕੋਰੋਨਾ ਨੇ ਆਪਣੀ ਗ੍ਰਿਫਤ ਵਿੱਚ ਜਕੜ ਲਿਆ ਹੈ ਜਿਹਨਾਂ ਵਿੱਚ ਡਾਕਟਰ, ਨਰਸਾਂ ਅਤੇ ਲੌਂਗ ਟਰਮ ਕੇਅਰ ਵਰਕਰ ਸ਼ਾਮਲ ਹਨ। ਇਹ ਉਹ ਯੋਧੇ ਹਨ ਜਿਹਨਾਂ ਨੂੰ ਆਪਣੀ ਸੁਰੱਖਿਆ ਨੂੰ ਲਾਂਭੇ ਰੱਖਕੇ ਲੋਕਾਈ ਦੀ ਸੇਵਾ ਵਾਸਤੇ ਮੈਦਾਨ ਵਿੱਚ ਨਿੱਤਰਨਾ ਹੀ ਪੈਂਦਾ ਹੈ।

ਗਰੋਸਰੀ ਸਟੋਰਾਂ ਤੋਂ ਦੁੱਧ ਆਟੇ ਵਰਗੀਆਂ ਵਸਤਾਂ ਨੂੰ ਲੋੜੋਂ ਵੱਧ ਗਿਣਤੀ ਵਿੱਚ ਖਰੀਦਣ ਵਾਲੇ ਲੋਕਾਂ ਨੂੰ ਸ਼ਾਇਦ ਇਹ ਅਹਿਸਾਸ ਵੀ ਨਾ ਹੋਵੇ ਕਿ ਸਾਡੇ ਲਈ ਜਰੂਰੀ ਵਸਤਾਂ ਉਪਲਬਧ ਕਰਵਾਉਣ ਵਾਲੇ ਇਹ ਫਰੰਟ-ਲਾਈਨ ਵਰਕਰ ਡਾਕਟਰਾਂ ਨਰਸਾਂ ਨਾਲੋਂ ਘੱਟ ਜ਼ੋਖਮ ਵਿੱਚ ਕੰਮ ਨਹੀਂ ਕਰਦੇ! ਬਰੈਂਪਟਨ ਵਿੱਚ ਟਿਮ ਹਾਰਟਨ ਤੋਂ ਆਈ ਖ਼ਬਰ ਕੀ ਇਹ ਅਹਿਸਾਸ ਦੁਆਉਣ ਲਈ ਕਾਫੀ ਨਹੀਂ ਕਿ ਘੱਟੋ ਘੱਟ ਤਨਖਾਹ ਉੱਤੇ ਕੰਮ ਕਰਨ ਵਾਲੇ ਮੁਲਾਜ਼ਮ ਸਾਡੇ ਹੀ ਭੈਣ ਭਰਾ ਹਨ, ਸਾਡੇ ਹੀ ਸਮਾਜ ਦਾ ਹਿੱਸਾ ਹਨ? ਇਹ ਲੋਕ ਵੀ ਉਸੇ ਲੜੀ ਦਾ ਹਿੱਸਾ ਹਨ ਜਿਸਦੇ ਕਮਜ਼ੋਰ ਹੋਣ ਨਾਲ ਸੁਰੱਖਿਆ ਦਾ ਸਾਰਾ ਤਾਣਾਬਾਣਾ ਉਥਲ ਪੁਥਲ ਹੋ ਕੇ ਰਹਿ ਜਾਵੇਗਾ। ਇਹ ਉਹ ਲੋਕ ਹਨ ਜਿਹੜੇ ਮਾਰਟਗੇਜਾਂ ਆਦਿ ਦੇ ਬੋਝ ਥੱਲੇ ਆਏ ਜੀਵਨ ਨੂੰ ਜੋਖ਼ਮ ਵਿੱਚ ਪਾਉਂਦੇ ਹਨ। ਕੀ ਇਹ ਸੋਚਣ ਦਾ ਵਕਤ ਨਹੀਂ ਕਿ ਹਜ਼ਾਰਾਂ ਲੱਖਾਂ ਦੀ ਗਿਣਤੀ ਵਿੱਚ ਆਏ ਕਿੰਨੇ ਕੁ ਅੰਤਰਰਾਸ਼ਟਰੀ ਵਿੱਦਿਆਰਥੀਆਂ ਕੋਲ ਸਹੂਲਤ ਹੋਵੇਗੀ ਕਿ ਉਹ 'ਸੋਸ਼ਲ ਆਈਸੋਲੇਸ਼ਨ' ਭਾਵ ਸਮਾਜਿਕ ਇਕਾਂਤ ਨਿਭਾ ਸੱਕਣ? ਇਹ ਸਹੀ ਸਮਾਂ ਹੈ ਕਿ ਹਰ ਸ਼ਹਿਰੀ ਨੈਤਿਕਤਾ ਦਾ ਪੱਲਾ ਫੜਦੇ ਹੋਏ ਆਪਣੀਆਂ ਬੇਸਮੈਂਟਾਂ, ਗੁਆਂਢ ਜਾਂ ਇਰਦ ਗਿਰਦ ਮਦਦ ਕਰਨ ਲਈ ਤਿਆਰ ਬਰ ਤਿਆਰ ਹੋਵੇ।

ਜਿੱਥੇ ਡਰ ਮਨੁੱਖ ਲਈ ਵੱਡੇ ਸੰਤਾਪ ਦਾ ਕਾਰਣ ਬਣਦਾ ਹੈ, ਉੱਥੇ ਡਰ ਮਨੁੱਖ ਤੋਂ ਅਲੋਕਾਰੀ ਕੰਮ ਕਰਵਾਉਣ ਵਿੱਚ ਸਹਾਈ ਵੀ ਹੋ ਸਕਦਾ ਹੈ। ਸੁਆਲ ਸਿਰਫ਼ ਡਰ ਦੀ ਸਥਿਤੀ ਦੀ ਸਹੀ ਵਰਤੋਂ ਕਰਨ ਦਾ ਹੈ। ਫੈਡਰਲ ਸਿਹਤ ਮੰਤਰੀ ਪੈਟੀ ਹਾਜਦੂ ਨੇ ਕੱਲ ਇਹ ਧਮਕੀ ਦਿੱਤੀ ਹੈ ਕਿ ਜਿਹੜੇ ਲੋਕ ਘਰ ਬੈਠਣ ਦੀ ਥਾਂ ਬੇਵਕੂਫਾਨਾ ਢੰਗ ਨਾਲ ਇੱਧਰ ਉੱਧਰ ਘੁੰਮਦੇ ਪਾਏ ਜਾਣਗੇ, ਕੁਆਰਟੀਨ ਐਕਟ (The Quarantine Act) ਤਹਿਤ ਉਹਨਾਂ ਉੱਤੇ ਅਪਰਾਧਕ ਕੇਸ ਬਣਾਏ ਜਾ ਸਕਦੇ ਹਨ। ਕੁਆਰਟੀਨ ਐਕਟ ਨੂੰ ਸਾਰਸ ਬਿਮਾਰੀ ਨਾਲ ਲੜਨ ਵਾਸਤੇ 2005 ਵਿੱਚ ਪਾਸ ਕੀਤਾ ਗਿਆ ਸੀ। ਪੱਛਮੀ ਮੁਲਕਾਂ ਵਿੱਚ ਵੱਸਦੇ ਅਸੀਂ ਲੋਕ ਅਕਸਰ ਏਸ਼ੀਅਨ, ਅਫਰੀਕਨ ਜਾਂ ਹੋਰ ਗਰੀਬ ਮੁਲਕਾਂ ਦੇ ਲੋਕਾਂ ਨੂੰ ਇਸ ਲਈ ਬਦਨਾਮ ਕਰਦੇ ਹਾਂ ਕਿਉਂਕਿ ਉਹਨਾਂ ਮੁਲਕਾਂ ਵਿੱਚ ਚੇਤਾਵਨੀਆਂ ਦਿੱਤੇ ਜਾਣ ਦੇ ਬਾਵਜੂਦ ਲੋਕੀ ਇੱਕਠੇ ਹੋ ਜਾਂਦੇ ਹਨ। ਉਹ ਤਾਂ ਗਰੀਬ, ਅਨਪੜ ਅਤੇ ਜਾਣਕਾਰੀ ਤੋਂ ਸੱਖਣੇ ਲੋਕ ਹੋ ਸਕਦੇ ਹਨ। ਪਰ ਕੈਨੇਡਾ ਅਮਰੀਕਾ ਦੇ ਉਹਨਾਂ ਮੂਰਖਾਂ ਬਾਰੇ ਕੀ ਆਖਿਆ ਜਾਵੇ ਜੋ ਮਹਿਜ਼ ਇੱਕ ਨਵੀਂ ਗੇਮ ਖਰੀਦਣ ਲਈ EB Games ਦੇ ਦਰਵਾਜ਼ੇ ਉੱਤੇ ਇੰਝ ਲਾਈਨਾਂ ਘੱਤ ਖੜੇ ਹੋ ਜਾਂਦੇ ਹਨ ਜਿਵੇਂ ਕੱਲ ਆਉਣੀ ਹੀ ਨਾ ਹੋਵੇ? ਇਹ ਜਾਹਲਾਂ ਸੋਚ ਹੀ ਨਹੀਂ ਸਕਦੇ ਕਿ ਗੇਮ ਖੇਡੇ ਬਿਨਾ ਤਾਂ ਕੱਲ ਜਰੂਰ ਆ ਜਾਵੇਗਾ ਪਰ ਲਾਗ ਦੀ ਇਸ ਮਾਰੂ ਬਿਮਾਰੀ ਨੂੰ ਪੱਲੇ ਬੰਨ ਕੇ ਤੁਸੀਂ ਖੁਦ ਜਾਂ ਕਿਸੇ ਹੋਰ ਦੀ ਖੇਡ ਜਰੂਰ ਖਤਮ ਕਰ ਦਿਉਗੇ।

ਕਿਉਬਿੱਕ ਸਿਟੀ ਦੀ ਉਸ ਮਹਾਨ ਮਹਿਲਾ ਨੂੰ ਕਿਹੋ ਜਿਹਾ ਪ੍ਰਣਾਮ/ਸਲਾਮ ਕੀਤਾ ਜਾਵੇ ਜਿਸਨੂੰ ਪਰਸੋਂ ਪੁਲੀਸ ਨੇ ਹਿਰਾਸਤ ਵਿੱਚ ਲਿਆ ਹੈ। ਕਾਰਣ ਕਿ ਕੋਰੋਨਾ ਪਾਜ਼ਿਟਿਵ ਹੋਣ ਦੇ ਬਾਵਜੂਦ ਇਹ ਮਹਾਨ-ਆਤਮਾ ਉਹਨਾਂ ਇਲਾਕਿਆਂ ਵਿੱਚ ਸੈਰ ਕਰਨ ਨਿਕਲੀ ਹੋਈ ਸੀ ਜਿੱਥੇ ਉਸਨੂੰ ਨਹੀਂ ਸੀ ਜਾਣਾ ਚਾਹੀਦਾ। ਮੂਰਖਾਂ ਦੇ ਸਿੰਗ ਬੇਸ਼ੱਕ ਨਹੀਂ ਹੁੰਦੇ ਪਰ ਇਹੋ ਜਿਹੇ ਲੋਕ ਮਨੁੱਖਤਾ ਲਈ ਅਜਿਹਾ ਜਰੂਰ ਖਤਰਾ ਬਣ ਸਕਦੇ ਹਨ ਜਿਹੋ ਜਿਹਾ ਵਿਚਾਰੇ ਸਿੰਗਾਂ ਵਾਲੇ ਜਾਨਵਰ ਵੀ ਨਹੀਂ ਬਣ ਸਕਦੇ। ਕਿਉਬਿੱਕ ਦੀ ਉਪਰੋਕਤ ਔਰਤ ਦੀ ਭਿਆਨਕ ਗਲਤੀ ਆਪਣੀ ਥਾਂ ਰਹੀ ਪਰ ਦਿਮਾਗੀ ਕੋਰੋਨਾ-ਵਾਇਰਸ ਤੋਂ ਪੀੜਤ ਡੌਨਲਡ ਟਰੰਪ ਵਰਗੇ ਨੇਤਾਵਾਂ ਬਾਰੇ ਕੌਣ ਕੀ ਆਖੇ? ਨਿਊਜ਼ ਮੀਡੀਆ ਸੀ.ਐਨ.ਐਨ. ਵੱਲੋਂ ਕੀਤੇ ਗਏ ਇੱਕ ਅਧਿਐਨ ਮੁਤਾਬਕ ਡੌਨਲਡ ਟਰੰਪ ਨੇ 2 ਮਾਰਚ ਤੋਂ 15 ਮਾਰਚ ਦਰਮਿਆਨ 13 ਦਿਨਾਂ ਵਿੱਚ 71 ਝੂਠ ਬੋਲੇ ਜਿਹਨਾਂ ਵਿੱਚੋਂ 33 ਕੋਰੋਨਾ ਵਾਇਰਸ ਨਾਲ ਸਬੰਧਿਤ ਸਨ। ਇਰਾਨ ਤੋਂ ਲੈ ਕੇ ਇਟਲੀ, ਭਾਰਤ, ਪਾਕਿਸਤਾਨ ਅਤੇ ਅਮਰੀਕਾ ਤੱਕ ਦੇ ਰਾਜਨੀਤਕ ਅਤੇ ਧਾਰਮਿਕ ਨੇਤਾਵਾਂ ਵੱਲੋਂ ਝੂਠ ਅਤੇ ਗਲਤ ਅਫਵਾਹਾਂ ਦਾ ਸਹਾਰਾ ਲੈਣ ਦੀਆਂ ਮਿਸਾਲਾਂ ਮਿਲਦੀਆਂ ਹਨ ਜਿਹਨਾਂ ਸਦਕਾ ਆਮ ਨਾਗਰਿਕ ਇਤਿਹਾਤ ਦਾ ਘੱਟ ਅਤੇ ਡਰ ਦਾ ਪੱਲਾ ਵੱਧ ਫੜਦਾ ਹੈ।

## ਸੇਵਾਮੁਕਤੀ ਮਾਮਲੇ 'ਚ ਮੰਤਰੀ ਤੇ ਅਫ਼ਸਰ ਆਹਮੋ ਸਾਹਮਣੇ

ਚੰਡੀਗੜ੍ਹ, 22 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ 58 ਸਾਲ ਤੋਂ ਵੱਧ ਉਮਰ ਕਾਰਨ ਨੌਕਰੀ ਤੋਂ ਸੇਵਾ ਮੁਕਤ ਕਰਨ ਬਾਰੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਅਤੇ ਅਫ਼ਸਰ ਆਹਮੋ ਸਾਹਮਣੇ ਹੋ ਗਏ ਹਨ। ਵਿਭਾਗ ਦੇ ਮੰਤਰੀ ਚਰਨਜੀਤ ਸਿੰਘ ਚੰਨੀ 58 ਸਾਲ ਦੇ ਮੁਲਾਜ਼ਮਾਂ ਨੂੰ ਫਾਰਗ ਕਰਨ ਲਈ ਅਤੇ ਇਸ ਵਿਭਾਗ ਦੇ ਉੱਚ ਅਧਿਕਾਰੀ ਆਪਣੇ ਚਹੇਤਿਆਂ ਨੂੰ ਸੇਵਾ ਵਿੱਚ ਰੱਖਣ ਲਈ ਬਜ਼ਿੱਦ ਹਨ।

ਪਤਾ ਲੱਗਾ ਹੈ ਕਿ ਪੰਜਾਬ ਦੇ ਤਕਨੀਕੀ ਸਿੱਖਿਆ, ਰੁਜ਼ਗਾਰ ਅਤੇ ਸਿਖਲਾਈ, ਸੱਭਿਆਚਾਰਕ ਮਾਮਲੇ ਵਿਭਾਗ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੂੰ ਨੌਂ ਮਾਰਚ ਨੂੰ ਨਿਰਦੇਸ਼ ਜਾਰੀ ਕਰ ਕੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ 58 ਸਾਲ ਤੋਂ ਵੱਧ ਉਮਰ ਦੇ ਅਧਿਕਾਰੀ, ਕਰਮਚਾਰੀ ਠੇਕਾ ਅਧਾਰ, ਆਊਟ ਸੋਰਸ ਰਾਹੀਂ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਤੁਰੰਤ ਸੇਵਾ ਮੁਕਤ ਕਰ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਥਾਂ ਬੇਜ਼ੁਰਗਾਰ ਨੌਜਵਾਨਾਂ ਨਾਲ ਵਿਭਾਗ ਵਿੱਚ ਕੰਟਰੈਕਟ ਆਧਾਰ ਜਾਂ ਆਊਟ ਸੋਰਸ ਰਾਹੀਂ ਖਾਲੀ ਪੋਸਟਾਂ ਭਰਨ ਲਈ ਕਾਰਵਾਈ ਆਰੰਭੀ ਜਾਵੇ। ਮੰਤਰੀ ਦੇ ਹੁਕਮ ਪਿੱਛੋਂ ਖਲਬਲੀ ਮੱਚ ਗਈ। ਜਾਣਕਾਰ ਸੂਤਰਾਂ ਮੁਤਾਬਕ ਮੁੱਖ ਜਨਰਲ ਮੈਨੇਜਰ ਤੋਂ ਲੈ ਕੇ ਹੇਠਲੇ ਅਹੁਦਿਆਂ ਤੱਕ ਕਈ ਅਧਿਕਾਰੀ ਅਤੇ ਮੁਲਾਜ਼ਮ ਸ਼ਾਮਲ 75 ਵਰ੍ਹਿਆਂ ਤੋਂ ਵੱਧ ਉਮਰ ਦੇ ਹਨ। ਇਨ੍ਹਾਂ ਬਜ਼ੁਰਗ ਅਧਿਕਾਰੀਆਂ ਦਾ ਐਨਾ ਦਬਦਬਾ ਹੋ ਗਿਆ ਹੈ ਕਿ ਚਹੇਤੇ ਅਫ਼ਸਰਾਂ ਨੂੰ ਸੇਵਾ ਮੁਕਤ ਕਰਨ ਲਈ ਉਚ ਅਧਿਕਾਰੀ ਵਿਚਲਾ ਰਸਤਾ ਕੱਢਣ ਲੱਗੇ ਹੋਏ ਹੋਏ ਹਨ।










## ਐਮਰਜੰਸੀ ਬਿੱਲ ਪਾਸ ਕਰਨ ਲਈ ਹਾਊਸ ਆਫ ਕਾਮਨਜ਼ ਪਰਤਣਗੇ ਐਮਪੀਜ਼

...ਪੰਨਾ 1 ਦਾ ਬਾਕੀ

ਸਰਕਾਰੀ ਹਾਊਸ ਲੀਡਰ ਪਾਬਲੋ ਰੌਡਰਿਗਜ਼ ਨੇ ਵੱਖਰੀ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਸਾਰੀਆਂ ਪਾਰਟੀਆਂ ਅਜਿਹੇ ਪਲੈਨ ਲਈ ਤਿਆਰ ਹਨ ਜਿਸ ਤਹਿਤ 32 ਐਮਪੀਜ਼ ਹਾਊਸ ਆਫ ਕਾਮਨਜ਼ ਪਹੁੰਚਣਗੇ, ਜਿਹੜੇ ਹਰੇਕ ਪਾਰਟੀ ਦੀ ਨੁਮਾਇੰਦਗੀ ਕਰਦੇ ਹੋਣਗੇ। ਇਨ੍ਹਾਂ ਵਿੱਚ 14 ਲਿਬਰਲ, 11 ਕੰਜ਼ਰਵੇਟਿਵ, ਬਲਾਕ ਕਿਊਬਿਕੁਆ ਤੇ ਐਨਡੀਪੀ ਦੇ ਤਿੰਨ-ਤਿੰਨ ਮੈਂਬਰ ਤੇ ਗ੍ਰੀਨ ਪਾਰਟੀ ਦਾ ਇੱਕ ਮੈਂਬਰ ਸ਼ਾਮਲ ਹੋਣਗੇ। ਰੌਡਰਿਗਜ਼ ਨੇ ਆਖਿਆ ਕਿ ਇਹ ਸਾਰੇ ਐਮਪੀਜ਼ ਕਾਰ ਰਾਹੀਂ ਪਾਰਲੀਆਮੈਂਟ ਹਿੱਲ ਪਹੁੰਚਣਗੇ।

ਉਨ੍ਹਾਂ ਅੱਗੇ ਦੱਸਿਆ ਕਿ ਸੈਨੇਟ ਵੀ ਜਲਦ ਹੀ ਇਸ ਤਰ੍ਹਾਂ ਦੇ ਪ੍ਰਬੰਧ ਕਰੇਗੀ। ਇਸ ਦੌਰਾਨ ਟਰੂਡੋ ਨੇ ਵਿਰੋਧੀ ਪਾਰਟੀਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਜਾਣਦੇ ਹਨ ਕਿ ਰਲ ਕੇ ਅਸੀਂ ਕੈਨੇਡੀਅਨਾਂ ਦੀ ਹਿਫਾਜ਼ਤ ਕਰ ਲਵਾਂਗੇ, ਰੋਜ਼ਗਾਰ ਨੂੰ ਬਚਾਅ ਲਵਾਂਗੇ ਤੇ ਇਸ ਸੰਕਟ ਦੀ ਘੜੀ ਤੋਂ ਬਾਅਦ ਅਰਥਚਾਰੇ ਨੂੰ ਵੀ ਮੁੜ ਪੈਰਾਂ ਸਿਰ ਕਰ ਲਵਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਐਤਵਾਰ ਸਵੇਰ ਨੂੰ ਕੈਨੇਡਾ ਵਿੱਚ ਵਾਇਰਸ ਦੇ 1300 ਮਾਮਲਿਆਂ ਦੀ ਪੁਸ਼ਟੀ ਹੋ ਚੁੱਕੀ ਸੀ ਤੇ ਹੁਣ ਤੱਕ 20 ਮੌਤਾਂ ਦੀ ਪੁਸ਼ਟੀ ਵੀ ਹੋ ਚੁੱਕੀ ਹੈ।

## ਪੋਲਟਰੀ ਫਾਰਮ ਮਾਲਕ ਦਾ ਕਤਲ ਉਸ ਦਾ ਪੁੱਤਰ ਕੀਤਾ ਕਾਰਾ ਹੀ ਨਿਕਲਿਆ

ਗੁਰਦਾਸਪੁਰ, 21 ਮਾਰਚ (ਪੋਸਟ ਬਿਊਰੋ)- ਥਾਣਾ ਧਾਰੀਵਾਲ ਦੇ ਪਿੰਡ ਸਿਧਵਾਂ ਵਿੱਚੇ ਇੱਕ ਵਿਅਕਤੀ ਦੇ ਅੰਨ੍ਹੇ ਕਤਲ ਦੀ ਗੁੱਥੀ ਪੁਲਸ ਨੇ ਸੁਲਝਾਉਣ ਦਾ ਦਾਅਵਾ ਕੀਤਾ ਹੈ। ਐਸ ਐਸ ਪੀ ਗੁਰਦਾਸਪੁਰ ਵੱਲੋਂ ਦੱਸੇ ਮੁਤਾਬਕ ਮ੍ਰਿਤਕ ਅਜੈਬ ਸਿੰਘ ਦਾ ਕਤਲ ਉਸ ਦੇ ਆਪਣੇ ਪੁੱਤਰ ਜਸਵੰਤ ਸਿੰਘ ਨੇ ਹੀ ਕੀਤਾ ਮੰਨ ਲਿਆ ਹੈ। ਇਸ ਸੰਬੰਧ ਵਿੱਚ ਐਸ ਐਸ ਪੀ ਸਵਰਨਦੀਪ ਸਿੰਘ ਨੇ ਦੱਸਿਆ ਕਿ 18 ਮਾਰਚ ਨੂੰ ਜਸਬੀਰ ਕੌਰ ਪਤਨੀ ਅਜੈਬ ਸਿੰਘ ਵਾਸੀ ਸਿਧਵਾਂ ਦੇ ਬਿਆਨਾਂ ਉੱਤੇ ਧਾਰੀਵਾਲ ਪੁਲਸ ਨੇ ਉਸ ਦੇ ਪਤੀ ਦੇ ਕਤਲ ਬਾਰੇ ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਧਾਰਾ-302 ਦਾ ਕੇਸ ਦਰਜ ਕੀਤਾ ਸੀ। ਉਸ ਨੇ ਦੱਸਿਆ ਸੀ ਕਿ 17 ਮਾਰਚ ਰਾਤ ਅਜੈਬ ਸਿੰਘ ਆਪਣੇ ਪੋਲਟਰੀ ਫਾਰਮ 'ਤੇ ਸੌਣ ਲਈ ਗਿਆ ਸੀ। 18 ਮਾਰਚ ਸਵੇਰੇ ਜਸਬੀਰ ਕੌਰ ਆਪਣੇ ਪਤੀ ਨੂੰ ਜਗਾਉਣ ਲਈ ਓਥੇ ਗਈ ਤਾਂ ਦੇਖਿਆ ਕਿ ਉਸ ਦੇ ਪਤੀ ਦੀ ਲਾਸ਼ ਪਈ ਸੀ। ਘਟਨਾ ਤੋਂ ਬਾਅਦ ਐਸ ਐਸ ਪੀ ਵੱਲੋਂ ਹਰਵਿੰਦਰ ਸਿੰਘ ਐਸ ਪੀ ਇਨਵੈਸਟੀਗੇਸ਼ਨ ਗੁਰਦਾਸਪੁਰ ਦੀ ਅਗਵਾਈ 'ਚ ਜਾਂਚ ਕਰਵਾਈ ਗਈ ਤਾਂ ਪਤਾ ਲੱਗਾ ਕਿ ਅਜੈਬ ਸਿੰਘ ਦਾ ਆਪਣੇ ਲੜਕੇ ਜਸਵੰਤ ਸਿੰਘ ਨਾਲ ਅਕਸਰ ਝਗੜਾ ਰਹਿੰਦਾ ਸੀ ਅਤੇ ਇਸ ਕਾਰਨ ਉਸ ਨੇ ਜਸਵੰਤ ਸਿੰਘ ਨੂੰ ਬੇਦਖ਼ਲ ਵੀ ਕੀਤਾ ਹੋਇਆ ਸੀ। ਝਗੜੇ ਦੀ ਵਜ੍ਹਾ ਇਹ ਸੀ ਕਿ ਉਹ ਬੰਦਾ ਬਹਾਦਰ ਅਕੈਡਮੀ ਬਿਧੀਪੁਰ ਵਿੱਚ ਪੰਜਵੀਂ ਵਿੱਚ ਪੜ੍ਹਦੇ ਜਸਵੰਤ ਸਿੰਘ ਨੂੰ ਅਗਲੀ ਕਲਾਸ ਵਿੱਚ ਸਰਕਾਰੀ ਸਕੂਲ ਵਿੱਚ ਦਾਖਲ ਕਰਾਉਣਾ ਚਾਹੁੰਦਾ ਸੀ, ਕਿਉਂਕਿ ਉਸ ਪੇਪਰਾਂ ਵਿੱਚੋਂ 36 ਫ਼ੀਸਦੀ ਨੰਬਰ ਆਏ ਸਨ।

## ਪ੍ਰਧਾਨ ਮੰਤਰੀ ਨੇ ਕੋਵਿਡ-19 ਨਾਲ ਨਜਿੱਠਣ ਲਈ ਉਦਯੋਗ ਨੂੰ ਜੁਟਾਉਣ ਲਈ ਕੈਨੇਡਾ ਦੀ ਯੋਜਨਾ ਦਾ ਐਲਾਨ ਕੀਤਾ

ਕੋਵਿਡ-19 ਦਾ ਪ੍ਰਕੋਪ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ, ਅਤੇ ਸਰਕਾਰ ਕੈਨੇਡੀਅਨ ਕਾਰੋਬਾਰਾਂ ਅਤੇ ਨਿਰਮਾਤਾਵਾਂ ਨੂੰ ਵਾਇਰਸ ਦੇ ਫੈਲਣ ਵਿਰੁੱਧ ਲੜਨ ਲਈ ਅਤੇ ਸਾਰੇ ਕੈਨੇਡੀਅਨਾਂ ਦੀ ਸਿਹਤ ਅਤੇ ਸੁਰ ੱਖਿਆ ਲਈ ਜੁਟਾ ਰਹੀ ਹੈ। ਪ੍ਰਧਾਨ ਮੰਤਰੀ, ਜਸਟਿਨ ਟਰੂਡੋ, ਨੇ ਅੱਜ ਕੋਵਿਡ-19 ਨਾਲ ਲੜਨ ਲਈ ਉਦਯੋਗ ਨੂੰ ਜੁਟਾਉਣ ਲਈ ਯੋਜਨਾ ਦਾ ਐਲਾਨ ਕੀਤਾ ਹੈ, ਜੋ ਘਰੇਲੂ ਨਿਰਮਾਤਾਵਾਂ ਅਤੇ ਕਾਰੋਬਾਰਾਂ ਨੂੰ ਸਰੋਤਾਂ ਨੂੰ ਤੈਨਾਤ ਕਰਨ ਦੇ ਰਸਤੇ ਤਿਆਰ ਕਰੇਗੀ ਤਾਂ ਜੋ ਉਹ ਇਸ ਨਾਜ਼ੁਕ ਸਮੇਂ ਦੌਰਾਨ ਸਹਾਇਤਾ ਕਰ ਸਕਣ।

ਇਹ ਯੋਜਨਾ ਇਹਨਾਂ ਕਾਰੋਬਾਰਾਂ ਨੂੰ ਸਿੱਧੇ ਤੌਰ 'ਤੇ ਉਤਪਾਦਨ ਨੂੰ ਵਧਾਉਣ ਜਾਂ ਉਹਨਾਂ ਦੇ ਨਿਰਮਾਣ ਦੀਆਂ ਲਾਈਨਾਂ ਨੂੰ ਕੈਨੇਡਾ ਵਿੱਚ ਬਣੇ ਉਤਪਾਦਾਂ ਨੂੰ ਵਿਕਸਤ ਕਰਨ ਨਵੇ ੇਂ ਉਪਾਵਾਂ ਪੇਸ਼ ਕਰਦੀ ਹੈ ਜੋ ਕੋਵਿਡ-19 ਦੇ ਵਿਰੁੱਧ ਲੜਾਈ ਵਿੱਚ ਸਹਾਇਤਾ ਕਰੇਗੀ। ਇਹਨਾਂ ਉਤਪਾਦਾਂ ਵਿੱਚ ਗੰਭੀਰ ਸਿਹਤ ਅਤੇ ਸੁਰੱਖਿਆ ਸਪਲਾਈ ਅਤੇ ਉਪਕਰਣ ਸ਼ਾਮਲ ਹ ੋ ਸਕਦੇ ਹਨ, ਜਿਸ ਵਿੱਚ ਨਿੱਜੀ ਸੁਰ ੱਖਿਆ ਉਪਕਰਣ,

ਸੈਨੀਟਾਈਜ਼ੇਸ਼ਨ ਉਤਪਾਦ, ਡਾਇਗਨੌਸਟਿਕ ਅਤੇ ਟੈਸਟਿੰਗ ਉਤਪਾਦ, ਅਤੇ ਬਿਮਾਰੀ ਟਰੈਕਿੰਗ ਤਕਨਾਲੋਜੀ ਸ਼ਾਮਲ ਹ ੈਂ।

ਇਹ ਯੋਜਨਾ, ਕੈਨੇਡਾ ਦੀ ਸਰਕਾਰ ਦੇ 1 ਬਿਲੀਅਨ ਡਾਲਰ ਤੋਂ ਜ਼ਿਆਦਾ ਦੇ ਕੋਵਿਡ-19 ਰਿਸਪਾਂਸ ਫ਼ੰਡ ਅਤੇ ਸਾਡੀ ਦੇਖਭਾਲ ਪ੍ਰਣਾਲੀ ਨੂੰ

ਪ੍ਰਦਾਨ ਕੀਤੀ ਸਹਾਇਤਾ, ਉੱਤੇ ਬਣੀ ਹੈ। ਇਹ ਘਰੇਲੂ ਸਮਰੱਥਾ ਨਿਰਮਾਣ, ਨਵੀਨਤਾਕਾਰੀ ਹੱਲਾਂ ਅਤੇ ਜ਼ਰ ੂਰੀ ਸਪਲਾਈਆਂ ਦੀ ਖਰੀਦ 'ਤੇ

ਕੇਂਦ੍ਰਤ ਕਰਦਾ ਹੈ। ਇਹ ਯੋਜਨਾ:

- ਕੈਨੇਡਾ ਵਿੱਚ ਪੈਮਾਨੇ 'ਤੇ ਨਾਜ਼ੁਕ ਸਪਲਾਈ ਤਿਆਰ ਕਰਨ ਲਈ ਲੋੜੀਂਦੀ ਉਦਯੋਗਿਕ ਯੋਗਤਾ ਦਾ ਨਿਰਮਾਣ ਕਰੇਗੀ। ਇਹ ਜਾਂ ਤਾਂ ਮੌਜੂਦਾ ਕੈਨੇਡੀਅਨ ਕਾਰ ੋਬਾਰਾਂ ਦੀਆਂ ਨਿਰਮਾਣ ਲਾਈਨਾਂ ਨੂੰ ਬਦਲ ਕੇ ਜਾਂ ਦੂਜਿਆਂ ਦੇ ਉਤਪਾਦਨ (ਜੋ ਕਿ ਪਹਿਲਾਂ ਤੋਂ ਹੀ ਇਹ ਉਤਪਾਦ ਤਿਆਰ ਕਰ ਰਹੇ ਹਨ) ਨੂੰ ਤੇਜ਼ੀ ਨਾਲ ਵਧਾ ਕੇ ਕੀਤਾ ਜਾਵੇਗਾ।

-ਕੈਨੇਡਾ ਦੇ ਮੌਜੂਦਾ ਉਦਯੋਗਿਕ ਅਤੇ ਨਵੀਨਤਾ ਪ੍ਰੋਗਰਾਮਾਂ ਨੂੰ ਆਪਣੇ ਮੈਨਡੇਟ ਵਿੱਚ ਸ਼ਾਮਲ ਕਰਦੇ ਹੋਇਆਂ, ਕੋਵਿਡ-19 ਦੇ ਵਿਰੁੱਧ ਲੜਨ ਨੂੰ ਪਹਿਲ ਦੇਣ ਲਈ ਪ੍ਰੇਰਿਤ ਕਰਨਾ।

ਇਸ ਵਿੱਚ ਸ਼ਾਮਲ ਹਨ:

ਵੱਡੇ ਪੱਧਰ ਦੇ ਪ੍ਰਾਜੈਕਟਾਂ ਲਈ ਕੈਨੇਡੀਅਨ ਕੰਪਨੀਆਂ ਨੂੰ ਸਿੱਧਾ ਸਹਾਇਤਾ ਪ੍ਰਦਾਨ ਕਰਨ ਲਈ ਰਣਨੀਤਕ ਇਨੋਵੇ ੇਸ਼ਨ ਫ਼ੰਡ

ਨੈਸ਼ਨਲ ਰਿਸ੍ਰਚਰ ਕਾਉਂਸਲ ਆਫ਼ ਕੈਨੇਡਾ ਛੋਟੇ ਅਤੇ ਦਰਮਿਆਨੇ ਆਕਾਰ ਦੇ ਉਦਮਾਂ ਨਾਲ ਖੋਜ ਅਤੇ ਵਿਕਾਸ ਨੂੰ ਤੇਜ਼ ਕਰਨਾ ਇਨੋਵੇਟਿਵ ਸੁਪਰਕਲਸਟਰਜ਼ ਆਪਣੇ ਨੈਸ਼ਨਲ ਨੈਟਵਰਕ ਦੇ 1,800 ਮੈਂਬਰਾਂ ਨਾਲ ਕੰਮ ਕਰੇਗੀ, ਅਤੇ ਇਨੋਵ ੇਟਿਵ ਸਲੂਸ਼ਨਜ਼ ਕੈਨੇਡਾ ਕੰਪਨੀਆਂ ਨੂੰ ਆਪਣੇ ਉਤਪਾਦਾਂ ਨੂੰ ਤੇਜ਼ੀ ਨਾਲ ਬਣਾਉਣ ਵਿੱਚ ਸਹਾਇਤਾ ਪ੍ਰਦਾਨ ਕਰੇਗੀ

- ਮੁੱਖ ਕੈਨੇਡੀਅਨ ਕੰਪਨੀਆਂ ਨੂੰ ਡਾਈਰੈਕਟ ਸਹਾਇਤਾ ਪ੍ਰਦਾਨ ਕਰਨੀ ਜੋ ਵੱਡੇ ਪੱਧਰ 'ਤੇ ਕੋਵਿਡ-19 ਨਾਲ ਨਜਿੱਠਣ ਲਈ ਪ੍ਰਤੀਕ੍ਰਿਆ ਪੈਦਾ ਕਰ ਰਹੇ ਹਨ- ਖੋਜ-ਅਧਾਰਤ ਹੱਲ, ਤਕਨਾਲੋਜੀਆਂ ਅਤੇ ਉਤਪਾਦਾਂ ਨੂੰ ਵਿਕਸਤ ਕਰਨ ਲਈ ਨਵੀਨਤਾਕਾਰੀ ਕੰਪਨੀਆਂ ਨੂੰ ਚੈਲੇਂਜ ਕਰਨਾ, ਜੋ ਕੋਵਿਡ-19 ਦੇ ਕਈ ਮੁੱਦਿਆਂ ਨੂੰ ਹੱਲ ਕਰ ਸਕਦੀਆਂ ਹਨ - ਕੈਨੇਡਾ ਵਿੱਚ ਕੋਵਿਡ-19 ਦੇ ਜਵਾਬ ਦੇ ਸਮਰਥਨ ਲਈ ਸਰੋਤ ਉਪਕਰਣ ਦੀ ਜ਼ਰੂਰਤ ਹੈ। ਕੈਨੇਡਾ ਦੀ ਸਰਕਾਰ ਮੌਜੂਦਾ ਸਪਲਾਈ ਪ੍ਰਬੰਧਾਂ

ਅਤੇ ਨਵੀਨਤਾਕਾਰੀ, ਲਚਕਦਾਰ ਖਰੀਦਦਾਰੀ ਪ੍ਰਕਿਰਿਆਵਾਂ ਦੀ ਵਰਤੋਂ ਕਰੇਗੀ। ਇਹ ਸਪਲਾਈਕਰਤਾਵਾਂ ਨੂੰ ਕੋਵਿਡ-19 ਦੇ ਜਵਾਬ ਲਈ

ਲੋੜੀਂਦੇ ਉਪਕਰਣ, ਸਪਲਾਈ ਅਤੇ ਸੇਵਾਵਾਂ ਦੀ ਪਛਾਣ ਕਰਨ ਅਤੇ ਖਰੀਦਣ ਲਈ ਪਹੁੰਚ ਕਰ ਰਿਹਾ ਹੈ। ਲੰਬੇ ਸਮੇਂ ਦੇ ਸਮਰਥਨ ਦੇ ਮੱਦੇਨਜ਼ਰ, ਕੈਨੇਡਾ ਸਰਕਾਰ ਕੈਨੇਡੀਅਨਾਂ ਨੂੰ ਸਿਹਤ ਦੀ ਨਾਜ਼ੁਕ ਸਪਲਾਈ ਦੇਣ ਲਈ ਨਵੀਨਤਾ ਦਾ ਸਮਰਥਨ ਕਰਨ ਅਤੇ ਘਰੇਲੂ ਨਿਰਮਾਣ ਸਮਰੱਥਾ ਵਧਾਉਣ ਲਈ ਖਰੀਦ ਲਚਕਤਾ ਨੂੰ ਯਕੀਨੀ ਬਣਾਏਗੀ।

ਇਹ ਉਪਾਅ ਕੈਨੇਡੀਅਨਾਂ ਦੀ ਰੱਖਿਆ ਅਤੇ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਕੈਨੇਡਾ ਸਰਕਾਰ ਲਾਗੂ ਕਰ ਰਹੀ ਇੱਕ ਵੱਡੀ ਰਣਨੀਤੀ

ਦਾ ਹਿੱਸਾ ਹਨ। ਇਹ ਰਣਨੀਤੀ ਕੈਨੇਡੀਅਨਾਂ ਦੀ ਸਿਹਤ ਅਤੇ ਸੁਰ ੱਖਿਆ ਨੂੰ ਪਹਿਲ ਦਿੰਦੀ ਹੈ, ਸਾਡੀ ਸਿਹਤ ਸੰਭਾਲ ਪ੍ਰਣਾਲੀ ਦੀ ਸਮਰੱਥਾ ਨੂੰ ਯਕੀਨੀ ਬਣਾਉਂਦੀ ਹੈ, ਅਤੇ ਕੈਨੇਡੀਅਨਾਂ ਅਤੇ ਕੈਨੇਡੀਅਨ ਕਾਰੋਬਾਰਾਂ ਉਤੇ ਆਰਥਿਕ ਪ੍ਰਭਾਵਾਂ ਨੂੰ ਘਟਾਉਂਦੀ ਹੈ।

ਕਥਨ

"ਇਸ ਬਿਮਾਰੀ ਦੇ ਫੈਲਣ ਦੀ ਸ਼ੁਰੂਆਤ ਤੋਂ ਹੀ, ਸਾਡੀ ਪ੍ਰਾਥਮਿਕਤਾ ਸਾਰੇ ਕੈਨੇਡੀਅਨਾਂ ਦੀ ਸੁਰ ੱਖਿਆ ਅਤੇ ਸਿਹਤ ਰਹੀ ਹੈ। ਅਸੀਂ ਕੈਨੇਡੀਅਨ ਉਦਯੋਗ ਅਤੇ ਕਾਰੋਬਾਰ ਨਾਲ ਸਾਂਝੇਦਾਰੀ ਕਰ ਰਹੇ ਹਾਂ ਤਾਂ ਜੋ ਅਸੀਂ ਇਹ ਯਕੀਨੀ ਬਣਾਉਣ ਲਈ ਤੇਜ਼ੀ ਨਾਲ ਕੰਮ ਕਰ ਸਕੀਏ ਕਿ ਸਾਡੇ ਸਿਹਤ ਦੇਖਭਾਲ ਪ੍ਰਦਾਤਾਵਾਂ ਕੋਲ ਉਹ ਉਤਪਾਦ ਅਤੇ ਸਪਲਾਈ ਹਨ ਜੋ ਉਹਨਾਂ ਨੂੰ ਕੈਨੇਡੀਅਨਾਂ ਦੀ ਮਦਦ ਲਈ ਲੋੜੀਂਦੇ ਹਨ।

ਇੱਕੱਠੇ ਮਿਲ ਕੇ ਅਸੀਂ ਸਾਰ ੇ ਕੈਨੇਡਾ ਨੂੰ ਵਾਇਰਸ ਦੇ ਫੈਲਣ ਵਿਰੁੱਧ ਲੜਨ ਲਈ ਲਾਮਬੰਦ ਕਰ ਰਹੇ ਹਾਂ।"

- ਰਾਈਟ ਮਾਣਯੋਗ, ਜਸਟਿਨ ਟਰੂਡੋ, ਕੈਨੇਡਾ ਦੇ ਪ੍ਰਧਾਨ ਮੰਤਰੀ

"ਮੈਂ ਬਹ ੁਤ ਸਾਰੀਆਂ ਕੰਪਨੀਆਂ ਤੋਂ ਸੁਣਿਆ ਹੈ ਜੋ ਪਹਿਲਾਂ ਹੀ ਇਸ ਮਹਾਂਮਾਰੀ ਦੇ ਪ੍ਰਭਾਵ ਮਹਿਸੂਸ ਕਰ ਰਹੀਆਂ ਹਨ। ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ ਕਿ ਅਸੀਂ ਕੈਨੇਡੀਅਨਾਂ ਅਤੇ ਉਹਨਾਂ ਦੀਆਂ ਕੰਪਨੀਆਂ ਦੀ ਸਿਹਤ ਅਤੇ ਆਰਥਿਕ ਤੰਦਰੁਸਤੀ ਲਈ ਲੜਨ ਲਈ ਆਪਣੇ ਟੂਲ ਬਾਕਸ ਵਿੱਚ ਹਰ ਸੰਭਾਵਤ ਸਾਧਨ ਦੀ ਵਰਤੋਂ ਕਰ ਰਹੇ ਹਾਂ। ਅੱਜ ਐਲਾਨੀਆਂ ਗਈਆਂ ਪਹਿਲਕਦਮੀਆਂ, ਭਵਿੱਖ ਵਿੱਚ ਕੈਨੇਡੀਅਨਾਂ ਦੀ ਰੱਖਿਆ ਲਈ ਨੀਂਹ ਰੱਖਣ ਵੇਲੇ ਕੋਵਿਡ-19 ਪ੍ਰਤੀ ਸਾਡੇ ਦੇਸ਼ ਦੀ ਪ੍ਰਤੀਕ੍ਰਿਆ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਕਰੇਗੀ"

- ਮਾਣਯੋਗ ਨਵਦੀਪ ਬੈਂਸ, ਨਵੀਨਤਾ, ਵਿਗਿਆਨ ਅਤੇ ਉਦਯੋਗ ਮੰਤਰੀ

"ਕੋਵਿਡ-19 ਦੇ ਪ੍ਰਕੋਪ ਨੂੰ ਵੇਖਣ ਲਈ ਅਸੀਂ ਸੂਬਿਆਂ ਅਤੇ ਪ੍ਰਦੇਸਾਂ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ, ਅਤੇ ਅੱਜ ਅਸੀਂ ਇਹ ਯਕੀਨੀ ਬਣਾਉਣ ਲਈ ਇੱਕ ਹੋਰ ਕਦਮ ਚੁੱਕ ਰਹੇ ਹਾਂ ਕਿ ਹਰੇਕ ਨੂੰ ਉਹਨਾਂ ਨੂੰ ਵਾਇਰਸ ਦੇ ਸੰਚਾਰਣ ਦੀ ਲੜੀ ਨੂੰ ਖੋਜਣ ਅਤੇ ਵਿਘਨ ਪਾਉਣ ਦੀ ਜ਼ਰ ੂਰਤ ਹੈ"

- ਮਾਣਯੋਗ ਪੈਟੀ ਹਾਏਡੂ, ਸਿਹਤ ਮੰਤਰੀ "ਕੋਵਿਡ-19 ਤੇਜ਼ੀ ਨਾਲ ਵਿਕਸਤ ਹੋ ਰਹੀ ਵਿਸ਼ਵਵਿਆਪੀ ਚੁਣੌਤੀ ਹੈ। ਨਾਜ਼ੁਕ ਸੇਵਾਵਾਂ ਦੀ ਨਿਰੰਤਰ ਸੁਪਰਦਗੀ ਨੂੰ ਯਕੀਨੀ ਬਣਾਉਣ ਲਈ, ਕੈਨੇਡਾ ਸਰਕਾਰ ਨੇ ਸਭ ਤੋਂ ਵਧੀਆ ਉਪਲਬਧ ਸਿਹਤ ਅਤੇ ਵਿਗਿਆਨਕ ਸਲਾਹ ਦੁਆਰਾ ਸੂਚਿਤ ਇੱਕ ਪੂਰੀ-ਸਰਕਾਰੀ ਪਹੁੰਚ ਸ਼ੁਰੂ ਕੀਤੀ। ਕੈਨੇਡਾ ਦੀ ਇਸ ਯੋਜਨਾ ਰਾਹੀਂ ਅਸੀਂ ਸੂਬਿਆਂ ਅਤੇ ਪ੍ਰਦੇਸ਼ਾਂ, ਸਾਡੇ ਹੈਲਥ ਵਰਕਰਾਂ ਅਤੇ ਕੈਨੇਡੀਅਨਾਂ ਦੇ ਸਮਰਥਨ ਲਈ ਅਗਲੇਰੀ ਕਾਰਵਾਈ ਕਰਨ ਲਈ ਤਿਆਰ ਹਾਂ" - ਮਾਣਯੋਗ ਅਨੀਟਾ ਆਨੰਦ, ਜਨਤਕ ਸੇਵਾਵਾਂ ਅਤੇ ਖਰੀਦਦਾਰੀ ਮੰਤਰੀ - ਮਾਰਚ 11, 2020 ਨੂੰ ਕੈਨੇਡਾ ਦੀ ਸਰਕਾਰ ਨੇ{https://www.canada.ca/en/public-health/services/diseases/2019-novel-coronavirus-infection/canadas-reponse/government-canada-takes-action-covid-19.html} ਕੋਵਿਡ-19 ਦੇ ਪ੍ਰਕੋਪ ਦੇ ਸਿਹਤ, ਆਰਥਿਕ ਅਤੇ ਸਮਾਜਿਕ ਪ੍ਰਭਾਵਾਂ ਨੂੰ ਘਟਾਉਣ ਲਈ 1 ਬਿਲੀਅਨ ਡਾਲਰ ਤੋਂ ਵੱਧ ਦੇ ਪੈਕੇਜ ਦੀ ਘੋਸ਼ਣਾ ਕੀਤੀ, ਜਿਸ ਵਿੱਚ ਸੂਬਿਆਂ ਲਈ ਨਿੱਜੀ ਸੁਰ ੱਖਿਆ ਉਪਕਰਣਾਂ ਦੀ ਸਪਲਾਈਆਂ ਨੂੰ ਯਕੀਨੀ ਬਣਾਉਣ ਲਈ $50 ਮਿਲੀਅਨ ਸ਼ਾਮਲ ਹਨ।

- ਸਟ੍ਰਾਟੀਜਕ ਇਨੋਵੇਸ਼ਨ ਫ਼ੰਡ ਕੈਨੇਡੀਅਨ ਕੰਪਨੀਆਂ ਨੂੰ ਤੇਜ਼ੀ ਨਾਲ ਸਹਾਇਤਾ ਦੇਵੇਗੀ ਜੋ ਵੱਡੇ ਪੱਧਰ 'ਤੇ ਕੋਵਿਡ-19 ਨਾਲ ਨਜਿੱਠਣ ਲਈ ਮੈਡੀਕਲ ਕੌਂਟਰਮੈਜਰ ਬਣਾ ਰਹੇ ਹਨ, ਜਿਹਨਾਂ ਵਿੱਚ ਵੈਕਸੀਨ ਅਤੇ ਡਾਕਟਰੀ ਸਪਲਾਈ ਸ਼ਾਮਲ ਹਨ।

- ਨੈਸ਼ਨਲ ਰਿਸਰਚ ਕਾਉਂਸਲ ਆਫ਼ ਕੈਨੇਡਾ, ਪੱਬਲਿਕ ਹੈਲਥ ਏਜੰਸੀ ਆਫ਼ ਕੈਨੇਡਾ ਅਤੇ ਹੈਲਥ ਕੈਨੇਡਾ ਦੀਆਂ ਦਰਮਿਆਨੀ ਮਿਆਦ ਦੀਆਂ ਜ਼ਰੂਰਤਾਂ ਦੇ ਹੱਲ ਲਈ ਸਰਕਾਰੀ, ਅਕਾਦਮਿਕ ਅਤੇ ਨਿੱਜੀ ਖੇਤਰ ਦੇ ਭਾਈਵਾਲਾਂ ਦੀਆਂ ਟੀਮਾਂ ਤੋਂ ਬਣੀ ਇੱਕ ਕੋਵਿਡ-19 ਚੈਲੇਂਜ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ। ਇਹਨਾਂ ਵਿੱਚ ਨਿੱਜੀ ਸੁਰ ੱਖਿਆ ਉਪਕਰਣ, ਰੋਗਾਣੂ-ਮੁਕਤ ਉਤਪਾਦ, ਡਾਇਗਨੌਸਟਿਕ ਅਤੇ ਟੈਸਟਿੰਗ ਉਤਪਾਦ, ਇਲਾਜ, ਅਤੇ ਬਿਮਾਰੀ ਟਰੈਕਿੰਗ ਤਕਨਾਲੋਜੀ ਸ਼ਾਮਲ ਹਨ।




ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648



# ਕੋਰੋਨਾ ਵਾਇਰਸ ਦੇ ਰੂ-ਬ-ਰੂ

# ਔਕੜਾਂ ਦੇ ਇਮਤਿਹਾਨ ਪਾਸ ਕਰਨ ਵਾਲੇ ਇਨਸਾਨਾਂ ਦਾ ਸਵਾਗਤ ਹੀ ਕਰਦੀ ਹੈ ਜ਼ਿੰਦਗੀ



ਜਤਿੰਦਰ ਪੰਨੂ

ਬਿਮਾਰੀਆਂ ਅਤੇ ਉਨ੍ਹਾਂ ਦੇ ਇਲਾਜ, ਤੇ ਖਾਸ ਕਰ ਕੇ ਕੋਰੋਨਾ ਵਾਇਰਸ ਵਰਗੀ ਬੇਹੱਦ ਖਤਰਨਾਕ ਬਿਮਾਰੀ ਬਾਰੇ ਜਤਿੰਦਰ ਪਨੂੰ ਦੀ ਜਾਣਕਾਰੀ ਮਸਾਂ ਓਨੀ ਕੁ ਮੰਨੀ ਜਾ ਸਕਦੀ ਹੈ, ਜਿੰਨੀ ਕਿਸੇ ਸਬਜ਼ੀ ਮੰਡੀ ਵਾਲੇ ਆੜ੍ਹਤੀਏ ਨੂੰ ਐਟਮ ਦੀ ਖੋਜ ਬਾਰੇ ਹੋ ਸਕਦੀ ਹੈ। ਇਸ ਲਈ ਮੈਂ ਇਹ ਦਾਅਵਾ ਨਹੀਂ ਕਰਦਾ ਕਿ ਜੋ ਕੁਝ ਲਿਖਣ ਲੱਗਾ ਹਾਂ, ਉਹ ਡਾਕਟਰੀ ਦੇ ਨੁਕਤੇ ਤੋਂ ਕਿਸੇ ਕੰਮ ਦੀ ਗੱਲ ਵੀ ਸਾਬਤ ਹੋ ਸਕਦਾ ਹੈ। ਲਿਖਣ ਦਾ ਕਾਰਨ ਬਿਮਾਰੀ ਨਹੀਂ, ਇਸ ਨਾਲ ਜੁੜੇ ਹੋਏ ਉਹ ਹਾਲਾਤ ਹਨ, ਜਿਨ੍ਹਾਂ ਕਾਰਨ ਇਹ ਬਿਮਾਰੀ ਇੱਕ ਸ਼ਹਿਰ ਤੋਂ ਉੱਠੀ ਅਤੇ ਸੰਸਾਰ ਭਰ ਵਿੱਚ ਸੱਥਰ ਵਿਛਾਉਣ ਦੇ ਪੱਧਰ ਨੂੰ ਪਹੁੰਚ ਗਈ ਹੈ। ਇਹ ਚਿੰਤਾ ਸਾਨੂੰ ਸਭ ਲੋਕਾਂ ਨੂੰ ਹੈ, ਕਿਸੇ ਨੂੰ ਵੀ ਘੱਟ ਨਹੀਂ ਹੋ ਸਕਦੀ।

ਸਾਂਝੀ ਚਿੰਤਾ ਦੇ ਇਸ ਮੁੱਦੇ ਬਾਰੇ ਜਿੰਨਾ ਅਸੀਂ ਘੋਖਣ ਦੇ ਯਤਨ ਕੀਤੇ, ਉਸ ਦੇ ਮੁਤਾਬਕ ਕੋਰੋਨਾ ਵਾਇਰਸ ਵਾਲੀ ਅਜੋਕੀ ਹਾਲਤ ਤੋਂ ਵੀਹ ਕੁ ਸਾਲ ਪਹਿਲਾਂ 'ਸਾਰਸ', ਸਵੀਅਰ ਅਕਿਊਟ ਰੈਸਪੀਰੇਟਰੀ ਸਿੰਡਰੋਮ (ਐੱਸ ਏ ਆਰ ਐੱਸ) ਦੀ ਦੁਹਾਈ ਮੱਚੀ ਸੀ। ਉਹ ਵੀ ਚੀਨ ਤੋਂ ਸ਼ੁਰੂ ਹੋਇਆ ਦੱਸਿਆ ਗਿਆ ਸੀ ਤੇ ਫਿਰ ਢਾਈ ਦਰਜਨ ਦੇ ਕਰੀਬ ਦੇਸ਼ਾਂ ਤੱਕ ਖਿੱਲਰ ਗਿਆ ਸੀ। ਨੌਂ ਸਾਲ ਬਾਅਦ ਇਹੋ ਸਾਊਦੀ ਅਰਬ ਵੱਲੋਂ ਸ਼ੁਰੂ ਹੋਇਆ ਤਾਂ ਇਸ ਨੂੰ ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ (ਐੱਮ ਈ ਆਰ ਐੱਸ) ਦਾ ਨਾਂਅ ਦੇ ਦਿੱਤਾ ਗਿਆ, ਜਿਹੜਾ ਇੱਕੀ ਦੇਸ਼ਾਂ ਦੇ ਲੋਕਾਂ ਨੂੰ ਪ੍ਰਭਾਵ ਕਰਨ ਤੱਕ ਗਿਆ ਸੀ ਤੇ ਇਸ ਨਾਲ ਸਾਢੇ ਅੱਠ ਸੌ ਤੋਂ ਵੱਧ ਮੌਤਾਂ ਦਾ ਜ਼ਿਕਰ ਹੁੰਦਾ ਰਿਹਾ ਸੀ। ਕੋਰੋਨਾ ਵਾਇਰਸ ਦਾ ਤਾਜ਼ਾ ਰੂਪ 'ਕੋਵਿਡ-19' ਵੀ ਓਸੇ ਦੀ ਅਗਲੀ ਕੜੀ ਦੱਸਿਆ ਜਾਂਦਾ ਹੈ। ਕਦੀ ਚਾਲ ਕੁ ਸਾਲ ਪਹਿਲਾਂ ਏਡਜ਼ ਦੀ ਬਿਮਾਰੀ ਦਾ ਪਤਾ ਲੱਗਾ ਸੀ, ਪਰ ਉਹ ਸੰਸਾਰ ਦੀ ਬਾਹਲੀ ਚਰਚਾ ਵਿੱਚ ਅੱਠ ਕੁ ਸਾਲ ਬਾਅਦ ਆਈ ਸੀ। ਕਹਿੰਦੇ ਸਨ ਕਿ ਉਹ ਬਿਮਾਰੀ ਅਮਰੀਕਾ ਵਿੱਚੋਂ ਉੱਠੀ ਸੀ, ਪਰ ਅਮਰੀਕਾ ਦੀ ਸਰਕਾਰ ਉਸੇ ਵੇਲੇ ਤੋਂ ਇਸ ਗੱਲ ਨੂੰ ਰੱਦ ਕਰਦੀ ਰਹੀ ਹੈ। ਸਮਾਂ ਪਾ ਕੇ ਇਸ ਰੋਗ ਦੇ ਮੁੱਢ ਬਾਰੇ ਖੋਜ ਬੰਦ ਹੋ ਗਈ ਤੇ ਇਸ ਦੇ ਇਲਾਜ ਦੀ ਚਰਚਾ ਨੇ ਸਾਰਾ ਮੰਚ ਸਾਂਭ ਲਿਆ ਸੀ। ਅੱਜ ਵਾਲੇ ਹਾਲਾਤ ਨਾ ਪੈਦਾ ਹੁੰਦੇ ਤਾਂ ਮਸਾਂ ਸੱਤ-ਅੱਠ ਸਾਲ ਪਹਿਲਾਂ ਵਾਲੇ ਐੱਮ ਈ ਆਰ ਐੱਸ ਦਾ ਚੇਤਾ ਵੀ ਲੋਕਾਂ ਨੂੰ ਨਹੀਂ ਸੀ ਰਿਹਾ। ਲੱਗਦਾ ਹੈ ਕਿ ਅੱਜ ਵਾਲੇ ਕੋਵਿਡ-19 ਦੀ ਚਰਚਾ ਵੀ ਇਸ ਨਾਲ ਮੌਤਾਂ ਹੋਣ ਦੇ ਸਮੇਂ ਤੱਕ ਸੀਮਤ ਹੋ ਜਾਵੇਗੀ ਤੇ ਅਗਲੀ ਕੋਈ ਆਫਤ ਉੱਠਣ ਤੱਕ ਬਹੁਤੇ ਲੋਕਾਂ ਨੂੰ ਇਸ ਬਿਮਾਰੀ ਦਾ ਚੇਤਾ ਵੀ ਨਹੀਂ ਰਹਿਣਾ।

ਅੱਜ ਦੀ ਘੜੀ ਜਦੋਂ ਇਸ ਰੋਗ ਨਾਲ ਮੌਤਾਂ ਦੀ ਗਿਣਤੀ ਦਿਨੋ-ਦਿਨ ਵਧੀ ਜਾਂਦੀ ਹੈ ਤੇ ਇਹ ਲਿਖਤ ਲਿਖਣ ਤੱਕ ਇਹ ਗਿਣਤੀ ਗਿਆਰਾਂ ਹਜ਼ਾਰ ਟੱਪ ਚੁੱਕੀ ਹੈ, ਇਸ ਦੀ ਗੰਭੀਰਤਾ ਨੇ ਹਰ ਕਿਸੇ ਦਾ ਧਿਆਨ ਖਿੱਚਿਆ ਹੈ। ਸੰਸਾਰ ਪੱਧਰ ਦੀਆਂ ਦੋ ਜੰਗਾਂ ਵਿੱਚੋਂ ਪਹਿਲੀ ਦਾ ਖਿਲਾਰਾ ਵੀਹ-ਬਾਈ ਦੇਸ਼ਾਂ ਤੱਕ ਰਿਹਾ ਸੀ ਤੇ ਦੂਸਰੀ ਜੰਗ ਦਾ ਖਿਲਾਰਾ ਵੀ ਲਗਭਗ ਏਨੇ ਕੁ ਦੇਸ਼ਾਂ ਤੱਕ ਸੀਮਤ ਰਹਿ ਗਿਆ ਸੀ, ਪਰ ਕੋਰੋਨਾ ਵਾਇਰਸ ਦੀ ਤਾਜ਼ਾ ਮਾਰ ਦਾ ਖਿਲਾਰਾ ਏਨਾ ਵਧਦਾ ਜਾ ਰਿਹਾ ਹੈ ਕਿ ਮਸਾਂ ਦੋ-ਚਾਰ ਦੇਸ਼ ਇਸ ਤੋਂ ਬਚੇ ਰਹਿ ਗਏ ਹਨ। ਇਸ ਤਰ੍ਹਾਂ ਇਹ ਰੋਗ ਇਹੋ ਜਿਹੀ ਔਕੜ ਦਾ ਰੂਪ ਧਾਰਨ ਕਰ ਗਿਆ ਹੈ, ਜਿਸ ਦੀ ਲਪੇਟ ਵਿੱਚ ਸਮੁੱਚਾ ਸੰਸਾਰ ਆਉਂਦਾ ਲੱਗਦਾ ਹੈ। ਦੁਨੀਆ ਦੀ ਪੰਚਾਇਤ ਮੰਨੀ ਜਾਂਦੀ ਯੂ ਐੱਨ ਓ ਨੇ ਇਸ ਨੂੰ ਸੰਸਾਰ ਪੱਧਰ ਦੀ ਮਹਾਂਮਾਰੀ ਐਲਾਨ ਕੀਤਾ ਹੋਇਆ ਹੈ, ਕਈ ਦੇਸ਼ਾਂ ਵਿੱਚ ਇਸ ਕਾਰਨ ਲਾਕ-ਡਾਊਨ ਦੇ ਹੁਕਮ ਜਾਰੀ ਕਰਨੇ ਪਏ ਹਨ, ਪਰ ਅਜੇ ਵੀ ਇਸ ਦੇ ਇਲਾਜ ਦੀ ਥਾਂ ਕੁਝ ਦੇਸ਼ ਹੋਰ ਗੱਲਾਂ ਨੂੰ ਪਹਿਲ ਦੇ ਰਹੇ ਹਨ।

ਅਸੀਂ ਉਨ੍ਹਾਂ ਮੁਲਕਾਂ ਦੇ ਮਾਲਕਾਂ ਦੀ ਚਰਚਾ ਵਿੱਚ ਜਾ ਕੇ ਪਾਠਕਾਂ ਨੂੰ ਬੋਰ ਨਹੀਂ ਕਰਨਾ ਚਾਹੁੰਦੇ, ਜਿਹੜੇ ਔਕੜ ਦੇ ਵਕਤ ਵੀ ਇੱਕ-ਦੂਸਰੇ ਉੱਤੇ ਦੋਸ਼ ਲਾਉਣ ਲੱਗੇ ਹੋਏ ਜਾਂ ਇਸ ਦੀ ਦਵਾਈ ਦੀ ਖੋਜ ਕੱਢਣ ਦੇ ਲਈ ਵੀ ਸਿਹਰਾ ਭਾਲਦੇ ਹਨ। ਇਸ ਦੀ ਥਾਂ ਅਸੀਂ ਬਿਮਾਰੀ ਦੇ ਟਾਕਰੇ ਲਈ ਲੋਕਾਂ ਨਾਲ ਗੱਲ ਕਰਨਾ ਚਾਹੁੰਦੇ ਹਾਂ। ਡਾਕਟਰ ਕਹਿੰਦੇ ਹਨ ਕਿ ਇਹ ਬਿਮਾਰੀ ਇੱਕ ਦੂਸਰੇ ਨਾਲ ਸੰਪਰਕ ਦੇ ਕਾਰਨ ਫੈਲਦੀ ਹੈ, ਜਿਸ ਲਈ ਸਰਕਾਰਾਂ ਨੇ ਕੁਝ



ਹਦਾਇਤਾਂ ਦਿੱਤੀਆਂ ਹਨ। ਖਾਸ ਤੌਰ ਉੱਤੇ ਇਹ ਗੱਲ ਕਹੀ ਗਈ ਹੈ ਕਿ ਜਦੋਂ ਵੀ ਕੋਈ ਵਿਦੇਸ਼ ਤੋਂ ਮੁੜਦਾ ਹੈ, ਉਹ ਆਪਣੇ ਰਾਹ ਵਿੱਚ ਪਤਾ ਨਹੀਂ ਕਿੰਨੇ ਅਤੇ ਕਿਸ ਤਰ੍ਹਾਂ ਦੇ ਲੋਕਾਂ ਦੇ ਸੰਪਰਕ ਵਿੱਚ ਆਇਆ ਹੋਵੇ, ਉਸ ਦੀ ਏਅਰਪੋਰਟ ਉੱਤੇ ਸਕਰੀਨਿੰਗ ਹੋਣੀ ਜ਼ਰੂਰੀ ਹੈ ਤੇ ਜੇ ਕੋਈ ਸ਼ੱਕ ਪੈਂਦਾ ਹੋਵੇ ਤਾਂ ਉਸ ਨੂੰ ਚੌਦਾਂ ਦਿਨ ਵੱਖਰੇ ਰੱਖਣ ਦੀ ਲੋੜ ਹੈ। ਕਈ ਲੋਕ ਅਜੇ ਤੱਕ ਇਸ ਦਾ ਵੀ ਮਜ਼ਾਕ ਉਡਾਉਂਦੇ ਜਾਂ ਇਸ ਦੀ ਉਲੰਘਣਾ ਦਾ ਯਤਨ ਕਰਦੇ ਵੇਖੇ ਜਾ ਸਕਦੇ ਹਨ। ਅੰਮ੍ਰਿਤਸਰ ਹਵਾਈ ਅੱਡੇ ਉੱਤੇ ਪਿਛਲੇ ਹਫਤੇ ਬਾਹਰੋਂ ਕੁਝ ਪੰਜਾਬੀ ਆਏ ਤਾਂ ਮੁੱਢਲੀ ਸਕਰੀਨਿੰਗ ਦੇ ਬਾਅਦ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਦਿਨ ਵੱਖ ਰੱਖੇ ਜਾਣਾ ਜ਼ਰੂਰੀ ਹੈ। ਉਹ ਇਸ ਨੂੰ ਮੰਨਣ ਲਈ ਤਿਆਰ ਨਹੀਂ ਸਨ ਹੋ ਰਹੇ, ਪਰ ਜਦੋਂ ਜਾਣਾ ਪਿਆ ਤਾਂ ਆਪਣੇ ਪਰਵਾਰ ਨੂੰ ਮਿਲ ਕੇ ਬਾਅਦ ਵਿੱਚ ਆਈਸੋਲੇਸ਼ਨ ਵਿੱਚ ਜਾਣ ਦੀ ਜ਼ਿਦ ਕਰਨ ਲੱਗ ਪਏ। ਮੀਡੀਆ ਦੇ ਇੱਕ ਹਿੱਸੇ ਨੇ ਇਹ ਖਬਰ ਦੇ ਦਿੱਤੀ ਕਿ ਪ੍ਰਸ਼ਾਸਨ ਬੜਾ ਅਣ-ਮਨੁੱਖੀ ਹੈ, ਜਿਹੜਾ ਵਿਦੇਸ਼ ਤੋਂ ਆਏ ਲੋਕਾਂ ਨੂੰ ਆਪਣੇ ਪਰਵਾਰ ਨਾਲ ਵੀ ਮਿਲਣ ਦਿੱਤੇ ਬਗੈਰ ਚੁੱਕ ਕੇ ਲੈ ਗਿਆ ਹੈ। ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਕਹਿਣਾ ਸੀ ਕਿ ਜੇ ਇਸ ਨੂੰ ਪਰਵਾਰ ਨਾਲ ਮਿਲਣ ਦਾ ਮੌਕਾ ਦੇ ਦੇਂਦੇ ਤਾਂ ਫਿਰ ਇਹ ਇਕੱਲਾ ਨਹੀਂ, ਇਸ ਨੂੰ ਮਿਲ ਚੁੱਕੇ ਪਰਵਾਰ ਦੇ ਸਾਰੇ ਲੋਕ ਇਕਲਾਪੇ ਵਾਲੀ ਥਾਂ ਲਿਜਾਣੇ ਪੈ ਜਾਣੇ ਸਨ। ਪੰਜਾਬ ਦੇ ਨਵਾਂ ਸ਼ਹਿਰ ਜ਼ਿਲੇ ਵਿੱਚ ਪਹਿਲੀ ਮੌਤ ਜਿਹੜੇ ਸੱਜਣ ਦੀ ਹੋਈ ਹੈ, ਜੇ ਉਹ ਅਧਿਕਾਰੀਆਂ ਦੀ ਗੱਲ ਮੰਨ ਕੇ ਕੁਝ ਦਿਨ ਇਕਲਾਪੇ ਵਿੱਚ ਕੱਟ ਗਿਆ ਹੁੰਦਾ ਤਾਂ ਸ਼ਾਇਦ ਬਚ ਜਾਂਦਾ, ਪਰ ਉਸ ਦੀ ਮੌਤ ਨਾਲ ਬਹੁਤ ਸਾਰੇ ਹੋਰ ਲੋਕਾਂ ਲਈ ਵੀ ਚਿੰਤਾ ਦਾ ਸਬੱਬ ਬਣ ਗਿਆ ਸੀ। ਏਦਾਂ ਕਈ ਹੋਰ ਲੋਕ ਜਾਂਚ ਤੋਂ ਬਚ ਕੇ ਨਿਕਲ ਗਏ ਹਨ।

ਭਾਰਤੀ ਫਿਲਮਾਂ ਦੀ ਇੱਕ ਪ੍ਰਸਿੱਧ ਗਾਇਕਾ ਕਨਿਕਾ ਕਪੂਰ ਇੰਗਲੈਂਡ ਵਿੱਚ ਆਪਣੇ ਬੱਚਿਆਂ ਨੂੰ ਮਿਲਣ ਗਈ ਤਾਂ ਵਾਪਸੀ ਵੇਲੇ ਚੌਕਸੀ ਨੂੰ ਝਕਾਨੀ ਦੇ ਕੇ ਲਖਨਊ ਆਪਣੇ ਘਰ ਪਹੁੰਚ ਗਈ। ਓਥੇ ਜਾ ਕੇ ਉਹ ਉੱਤਰ ਪ੍ਰਦੇਸ਼ ਦੇ ਲੋਕਪਾਲ ਦੇ ਘਰ ਹੋਈ ਪਾਰਟੀ ਵਿੱਚ ਗਾਉਣ ਤੇ ਨੱਚਣ ਲੱਗੀ ਰਹੀ, ਫਿਰ ਉਹ ਮੁੰਬਈ ਚਲੀ ਗਈ ਤੇ ਚਾਰ-ਪੰਜ ਪਾਰਟੀਆਂ ਹੋਣ ਦੇ ਬਾਅਦ ਪਤਾ ਲੱਗਾ ਕਿ ਉਸ ਦੇ ਅੰਦਰ ਕੋਰੋਨਾ ਵਾਇਰਸ ਦੀ ਲਾਗ ਹੈ। ਇਸ ਦੌਰਾਨ ਲਖਨਊ ਅਤੇ ਮੁੰਬਈ ਵਿੱਚ ਉਸ ਦੇ ਨਾਲ ਪਾਰਟੀਆਂ ਵਿੱਚ ਸ਼ਾਮਲ ਹੋਏ ਲੋਕਾਂ ਵਿੱਚੋਂ ਹਰ ਕੋਈ ਅੱਗੇ ਕਈ ਲੋਕਾਂ ਨੂੰ ਮਿਲ ਚੁੱਕਾ ਸੀ। ਪਾਰਲੀਮੈਂਟ ਦਾ ਇੱਕ ਮੈਂਬਰ ਲੋਕ ਸਭਾ ਵਿੱਚ ਜਾਣ ਤੋਂ ਇਲਾਵਾ ਰਾਸ਼ਟਰਪਤੀ ਭਵਨ ਵਿੱਚ ਵੀ ਇੱਕ ਗਰੁੱਪ ਵਿੱਚ ਸ਼ਾਮਲ ਹੋ ਚੁੱਕਾ ਸੀ। ਇੱਕ ਗਾਇਕਾ ਦੀ ਨਾਲਾਇਕੀ ਕਾਰਨ ਕਈ ਲੋਕ ਮੁਸੀਬਤ ਵਿੱਚ ਫਸ ਗਏ ਸਨ। ਇਸ ਦੇ ਬਾਅਦ ਜਦੋਂ ਉਨ੍ਹਾਂ ਬਾਕੀ ਲੋਕਾਂ ਨੂੰ ਪਤਾ ਲੱਗਾ ਕਿ ਇਕਲਾਪੇ ਲਈ ਉਨ੍ਹਾਂ ਨੂੰ ਤਿਆਰ ਹੋਣਾ ਪੈਣਾ ਹੈ ਤਾਂ ਉਹ ਇਸ ਵਾਸਤੇ ਤਿਆਰ ਨਹੀਂ ਸਨ। ਬਹੁਤ ਸਾਰੇ ਲੋਕਾਂ ਲਈ ਇਹ ਹੈਰਾਨੀ ਦੀ ਗੱਲ ਹੈ ਕਿ ਪੜ੍ਹੇ-ਲਿਖੇ ਅਤੇ ਦੇਸ਼ ਦੀ ਪਾਰਲੀਮੈਂਟ ਵਿੱਚ ਬੈਠ ਕੇ ਕਾਨੂੰਨ ਬਣਾਉਣ ਦੇ ਕੰਮਾਂ ਵਿੱਚ ਸ਼ਾਮਲ ਹੋਣ ਵਾਲੇ ਸਿਆਸੀ ਲੀਡਰ ਵੀ ਇਸ ਗੱਲ ਤੋਂ ਡਰੀ ਜਾ ਰਹੇ ਸਨ ਕਿ ਚੌਦਾਂ ਦਿਨ ਆਈਸੋਲੇਸ਼ਨ (ਕਿਸੇ ਥਾਂ ਇਕੱਲੇ ਰਹਿਣਾ) ਉਨ੍ਹਾਂ ਲਈ ਬਹੁਤ ਮੁਸ਼ਕਲ ਹੋ ਸਕਦਾ ਹੈ। ਇਸ ਵਿੱਚ ਓਨੀ ਵੱਡੀ ਮੁਸ਼ਕਲ ਸਰੀਰਕ ਨਹੀਂ, ਜਿੰਨੀ ਮਾਨਸਿਕ ਰੂਪ ਵਿੱਚ ਹੈ ਅਤੇ ਉਸ ਦੇ ਲਈ ਇਹੋ ਜਿਹੇ ਲੋਕਾਂ ਵਾਸਤੇ ਇੱਕੋ ਮਿਸਾਲ ਕਾਫੀ ਹੋ ਸਕਦੀ ਹੈ।

ਮੇਰੇ ਸਾਹਮਣੇ ਸਾਲ 1997 ਦੀ ਅਮਰੀਕਾ ਦੇ ਉਟਾਹ ਰਾਜ ਦੇ ਲੇਅਟਨ ਸ਼ਹਿਰ ਦੀ ਰਿਪੋਰਟ ਪਈ ਹੈ। ਸਕੀਇੰਗ ਕਰਦਿਆਂ ਓਥੇ ਕੇਰਿਨ ਹਾਰਟਲੀ ਨਾਂਅ ਦੀ ਕੁੜੀ ਅਚਾਨਕ ਬਰਫ ਵਿੱਚ ਏਦਾਂ ਦੇ ਥਾਂ ਜਾ ਫਸੀ, ਜਿੱਥੋਂ ਨਿਕਲਣ ਦਾ ਕੋਈ ਰਸਤਾ ਨਹੀਂ ਸੀ ਤੇ ਇਸ ਦੌਰਾਨ ਰਾਤ ਪੈ ਗਈ। ਉਸ ਨੂੰ ਇੱਕੋ ਗੱਲ ਯਾਦ ਰਹੀ ਕਿ ਜਿੰਦਾ ਰਹਿਣਾ ਹੈ। ਜਿਹੜਾ ਇੱਕੋ ਚਾਕਲੇਟ ਉਸ ਕੋਲ ਬਚਿਆ ਸੀ, ਉਹ ਉਸ ਨੇ ਖਾ ਲਿਆ ਅਤੇ ਬਰਫ ਵਿਚਾਲੇ ਹਨੇਰੀ ਰਾਤ ਵਿੱਚ ਨੱਚਣ ਲੱਗ ਪਈ ਅਤੇ ਸਾਰੀ ਰਾਤ ਨੱਚਦੀ ਰਹੀ। ਉਸ ਨੂੰ ਪਤਾ ਸੀ ਕਿ ਪਾਰਾ ਜਮਾ ਸਕਣ ਵਾਲੀ ਬਰਫ ਦੇ ਢੇਰ ਉਸ ਦੀਆਂ ਨਾੜਾਂ ਦੇ ਅੰਦਰ ਦੀ ਗਰਮੀ ਵੀ ਜਮਾ ਸਕਦੇ ਹਨ, ਪਰ ਜੇ ਇਨ੍ਹਾਂ ਨਾੜਾਂ ਨੂੰ ਉਹ ਆਪਣੀ ਹਰਕਤ ਤੇ ਕਸਰਤ ਨਾਲ ਗਰਮ ਰੱਖ ਸਕੀ ਤਾਂ ਰਾਤ ਤੇ ਮੌਤ ਦੋਵਾਂ ਉੱਤੇ ਜਿੱਤ ਹਾਸਲ ਕਰ ਸਕਦੀ ਹੈ। ਕੇਰਿਨ ਹਾਰਟਲੀ ਨੱਚਦੀ ਰਹੀ, ਨੱਚਦੀ ਰਹੀ ਤੇ ਅਗਲੇ ਦਿਨ ਸਵੇਰੇ ਉਸ ਨੂੰ ਲੱਭਦਾ ਹੋਇਆ ਹੈਲੀਕਾਪਟਰ ਨਜ਼ਰ ਆ ਗਿਆ ਸੀ। ਉਹ ਹੈਲੀਕਾਪਟਰ ਦਿੱਸਣ ਦੇ ਬਾਅਦ ਉਸ ਨੂੰ ਕਿੰਨੀ ਖੁਸ਼ੀ ਪ੍ਰਾਪਤ ਹੋਈ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ, ਪਰ ਇਸ ਖੁਸ਼ੀ ਤੱਕ ਪਹੁੰਚਣ ਲਈ ਹਿੰਮਤ ਕਿਸੇ ਹੋਰ ਨੇ ਨਹੀਂ, ਕੇਰਿਨ ਨੇ ਖੁਦ ਕੀਤੀ ਸੀ। ਉਹ ਸਾਰੀ ਰੱਤ ਨੱਚ ਕੇ ਮੌਤ ਨੂੰ ਹਰਾਉਣ ਵਿੱਚ ਸਫਲ ਰਹੀ। ਜਿਨ੍ਹਾਂ ਲੋਕਾਂ ਨੂੰ ਇਸ ਵਕਤ ਕੋਰੋਨਾ ਵਾਇਰਸ ਤੋਂ ਬਚਣ ਲਈ ਕੁਝ ਦਿਨ ਬਾਕੀ ਲੋਕਾਂ ਤੋਂ ਵੱਖਰੇ ਰਹਿਣਾ ਪੈਣਾ ਹੈ, ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ, ਉਨ੍ਹਾਂ ਨੇ ਸਿਰਫ ਇਕਲਾਪੇ ਵਿੱਚ ਰਹਿਣਾ ਹੈ, ਕੇਰਿਨ ਵਾਂਗ ਨੱਚਣਾ ਨਹੀਂ ਪੈਣਾ। ਜ਼ਿੰਦਗੀ ਇਨਸਾਨ ਅੱਗੇ ਬਹੁਤ ਸਾਰੇ ਇਮਤਿਹਾਨ ਪੇਸ਼ ਕਰਦੀ ਹੈ, ਜਿਹੜਾ ਕੋਈ ਇਹ ਇਮਤਿਹਾਨ ਪਾਸ ਕਰ ਸਕਦਾ ਹੈ, ਜ਼ਿੰਦਗੀ ਉਸੇ ਦਾ ਸਵਾਗਤ ਕਰਦੀ ਹੈ। 'ਹਿੰਮਤੇ ਮਰਦਾਂ, ਮਦਦ-ਇ-ਖੁਦਾ' ਦਾ ਮੁਹ-ਾਵਰਾ ਵੀ ਸ਼ਾਇਦ ਇਸੇ ਲਈ ਬਣਾਇਆ ਗਿਆ ਸੀ।

# ਆਪ ਦੀ ਜਿੱਤ ਅਤੇ ਪੰਜਾਬ ਦੀ ਸਿਆਸਤ

-ਜਗਰੂਪ ਸਿੰਘ ਸੇਖੋਂ-

ਦਿੱਲੀ ਵਿਧਾਨ ਸਭਾ ਦੀਆਂ ਤਾਜ਼ਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਨੇ ਕੁਝ ਸਿਆਸੀ ਮਾਹਰਾਂ ਦੇ ਕਹਿਣ ਮੁਤਾਬਕ ਪੰਜਾਬੀ ਵਾਸੀਆਂ ਤੇ ਖਾਸ ਕਰ ਪਾਰਟੀ ਕੇਡਰ ਲਈ ਨਵੀਂ ਆਸ ਜਗਾਈ ਹੈ। ਉਨ੍ਹਾਂ ਨੂੰ ਆਸ ਹੈ ਕਿ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ 2022 ਦੀਆਂ ਚੋਣਾਂ ਵਿੱਚ ਕਮਾਲ ਕਰ ਸਕਦੀ ਹੈ। ਦਿੱਲੀ ਵਿੱਚ ਦੁਨੀਆ ਦੀ ਅਖੌਤੀ ਸਭ ਤੋਂ ਵੱਡੀ ਪਾਰਟੀ ਭਾਜਪਾ ਦੀ ਬੁਰੀ ਹਾਲਤ ਅਤੇ ਪੁਰਾਣੀ ਪਾਰਟੀ ਕਾਂਗਰਸ ਦੀ ਨਮੋਸ਼ੀ ਭਰੀ ਹਾਰ ਨੇ ਮੌਜੂਦਾ ਸਿਆਸਤ ਨੂੰ ਨਵੇਂ ਰੰਗ ਦਿੱਤੇ ਹਨ। ਆਮ ਪ੍ਰਭਾਵ ਹੈ ਕਿ ਆਮ ਆਦਮੀ ਪਾਰਟੀ ਦੀ ਜਿੱਤ ਨੇ ਫਿਰਕੂ ਨਫਰਤ ਨਾਲ ਭਰੇ ਸਮਾਜ, ਹਾਕਮ ਸਮਾਜ ਦੀ ਹੈਂਕੜਬਾਜ਼ੀ, ਉਸ ਵੱਲੋਂ ਸਿਆਸੀ ਵਿਰੋਧੀਆਂ ਖਿਲਾਫ ਤਾਕਤ ਦੀ ਅੰਨ੍ਹੀ ਵਰਤੋਂ ਤੇ ਕਿਵੇਂ ਵੀ ਚੋਣਾਂ ਜਿੱਤਣ ਦੀ ਨੀਤੀ ਤੋਂ ਸਮਾਜ ਦੇ ਵੱਡੇ ਹਿੱਸੇ ਨੂੰ ਰਾਹਤ ਦਿਵਾਈ ਹੈ। ਹਰ ਤਰ੍ਹਾਂ ਦੇ ਵਿਰੋਧੀ ਹਾਲਾਤ ਦੇ ਬਾਵਜੂਦ ਇਸ ਪਾਰਟੀ ਦੀ ਜਿੱਤ ਨੇ ਇਸ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਭਾਰਤੀ ਸਿਆਸਤ ਦਾ ਨਵਾਂ ਅਵਤਾਰ ਬਣਾ ਦਿੱਤਾ ਹੈ। ਪਾਰਟੀ ਨੇ ਇੱਕ ਤਰ੍ਹਾਂ ਐਲਾਨਿਆ ਹੋਇਆ ਹੈ ਕਿ ਸਾਰੇ ਰਾਜਾਂ ਵਿੱਚ ਹਕੂਮਤ ਦਾ ਦਿੱਲੀ ਵਾਲਾ ਮਾਡਲ ਲਾਗੂ ਕਰੇਗੀ। ਕੇਜਰੀਵਾਲ ਵੱਲੋਂ ਬੀਤੀ 16 ਫਰਵਰੀ ਨੂੰ ਤੀਜੀ ਵਾਰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਸਮੇਂ ਕਿਸੇ ਵਿਰੋਧੀ ਆਗੂ ਨੂੰ ਨਾ ਸੱਦਣਾ ਵੀ ਉਨ੍ਹਾਂ ਦੀ ਪਾਰਟੀ ਦੀਆਂ ਨਵੀਆਂ ਉਪਜੀਆਂ ਖਾਹਿਸ਼ਾਂ ਦਾ ਸਾਫ ਸੰਕੇਤ ਹੈ।

ਗੌਰਤਲਬ ਹੈ ਕਿ 2012 ਵਿੱਚ ਹੋਇਆ ਆਮ ਆਦਮੀ ਪਾਰਟੀ ਦਾ ਉਭਾਰ ਸਮਾਜ ਦੇ ਸਾਰੇ ਤਬਕਿਆਂ ਦੀ ਇਸ ਚਾਹਤ ਦਾ ਸਿੱਟਾ ਸੀ ਕਿ ਉਨ੍ਹਾਂ ਨੂੰ ਵਧੇਰੇ ਇਮਾਨਦਾਰ, ਪਾਰਦਰਸ਼ੀ ਤੇ ਲੋਕ ਪੱਖੀ ਸਰਕਾਰ ਮਿਲੇ। ਉਨ੍ਹਾਂ ਨੂੰ ਇਸ ਪਾਰਟੀ ਵਿੱਚ ਨਵੀਂ ਕਿਸਮ ਦੀ ਸਿਆਸਤ ਦੀ ਝਲਕ ਦਿਖਾਈ ਦਿੱਤੀ ਸੀ, ਜਿਸ ਲਈ ਲੋਕ ਹਿੱਤ ਸਭ ਤੋਂ ਪਹਿਲਾਂ ਹੋਣਗੇ ਅਤੇ ਜੋ ਦੇਸ਼ ਦੀ ਸਿਆਸਤ ਨੂੰ ਨਵੇਂ ਅਰਥ ਦੇਵੇਗੀ। ਇਸ ਪ੍ਰਸੰਗ ਵਿੱਚ ਦਿੱਲੀ ਅਸੈਂਬਲੀ ਦੀਆਂ 2013 ਦੀਆਂ ਚੋਣਾਂ ਵੇਲੇ ਆਮ ਆਦਮੀ ਪਾਰਟੀ ਸਭ ਤੋਂ ਵੱਡੀ ਹੋ ਕੇ ਉਭਰੀ ਅਤੇ ਉਸ ਨੇ ਕਾਂਗਰਸ ਦੀ ਹਮਾਇਤ ਨਾਲ ਮਹਿਜ਼ 49 ਦਿਨਾਂ ਦੀ ਸਰਕਾਰ ਚਲਾਈ ਸੀ। ਫਿਰ 2014 ਵਿੱਚ ਦੇਸ਼ ਦੀਆਂ ਪਾਰਲੀਮੈਂਟ ਚੋਣਾਂ ਨੇ ਪਾਰਟੀ ਵਿੱਚ ਉਥਲ ਪੁਥਲ ਪੱਖੋਂ ਜ਼ੋਰਦਾਰ ਤਬਦੀਲੀ ਲਿਆਂਦੀ। ਮਤਭੇਦ ਇਨ੍ਹਾਂ ਮੁੱਦਿਆਂ 'ਤੇ ਸੀ ਕਿ ਚੋਣਾਂ ਵਿੱਚ ਕੇਜਰੀਵਾਲ ਦਿੱਲੀ 'ਤੇ ਧਿਆਨ ਕੇਂਦਰਿਤ ਕਰਨ ਦੇ ਹੱਕ ਵਿੱਚ ਸਨ ਜਦੋਂ ਕਿ ਹੋਰ ਨਾਮੀ ਅਤੇ ਮੁੱਢਲੇ ਆਗੂ ਖਾਸਕਰ ਪ੍ਰਸ਼ਾਂਤ ਭੂਸ਼ਣ, ਯੋਗੇਂਦਰ ਯਾਦਵ, ਆਨੰਦ ਕੁਮਾਰ ਤੇ ਐਡਮਿਰਲ ਰਾਮ ਦਾਸ ਆਦਿ ਪਾਰਟੀ ਨੂੰ ਮਿਲੇ ਜ਼ੋਰਦਾਰ ਹੁੰਗਾਰੇ ਨਾਲ ਦੇਸ਼ ਭਰ ਵਿੱਚ ਵੱਧ ਤੋਂ ਵੱਧ ਸੀਟਾਂ ਤੋਂ ਚੋਣਾਂ ਲੜਨ ਦੇ ਹਾਮੀ ਸਨ। ਇਸੇ ਸਦਕਾ ਪੰਜਾਬ ਵਾਸੀਆਂ ਨੇ ਆਪ ਨੂੰ ਜ਼ੋਰਦਾਰ ਹੁੰਗਾਰਾ ਦਿੱਤਾ ਤੇ ਪਾਰਟੀ ਪੰਜਾਬੀ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿੱਚੋਂ ਚਾਰ 'ਤੇ ਜੇਤੂ ਰਹੀ ਤੇ ਇਸ ਨੂੰ 117 ਵਿੱਚੋਂ 33 ਵਿਧਾਨ ਸਭਾ ਹਲਕਿਆਂ ਵਿੱਚ ਵੀ ਜੇਤੂ ਲੀਡ ਹਾਸਲ ਹੋਈ ਤੇ ਹੋਰ ਕਰੀਬ ਦੋ ਦਰਜਨ ਹਲਕਿਆਂ ਵਿੱਚ ਪਾਰਟੀ ਦੂਜੇ ਨੰਬਰ 'ਤੇ ਰਹੀ।

ਇਸ ਪਾਰਟੀ ਨੇ ਪੰਜਾਬ ਵਿੱਚ 25 ਫੀਸਦੀ ਵੋਟਾਂ ਹਾਸਲ ਕਰ ਕੇ ਆਪਣੀ ਤਾਕਤ ਦਾ ਲੋਹਾ ਮੰਨਵਾਇਆ ਤੇ ਇਸ ਪੱਖ ਤੋਂ ਅਕਾਲੀ ਦਲ ਦੇ ਬਰਾਬਰ ਰਹੀ, ਹਾਲਾਂਕਿ ਉਦੋਂ ਪਾਰਟੀ ਦਾ ਪੰਜਾਬ ਵਿੱਚ ਬੁਨਿਆਦੀ ਢਾਂਚਾ ਤੱਕ ਵੀ ਨਹੀਂ ਸੀ। ਪਾਰਟੀ ਵੱਲੋਂ ਨਸ਼ਿਆਂ ਦੇ ਕੋਹੜ, ਕਿਸਾਨ ਖੁਦਕੁਸ਼ੀਆਂ, ਅਸਮਾਨ ਛੂਹਦੀਆਂ ਰੇਤ ਬਜਰੀ ਦੀਆਂ ਕੀਮਤਾਂ, ਭ੍ਰਿਸ਼ਟਾਚਾਰ, ਗੁੰਡਾਗਰਦੀ, ਹਾਕਮ ਗਠਜੋੜ ਦੇ ਆਗੂਆਂ ਦਾ ਘੁਮੰਡ, ਟਰਾਂਸਪੋਰਟ ਤੇ ਸ਼ਰਾਬ ਕਾਰੋਬਾਰ ਵਿਚਲੀ ਅਜਾਰੇਦਾਰੀ, ਅਮਨ ਕਾਨੂੰਨ ਦੀ ਮਾੜੀ ਹਾਲਤ ਆਦਿ ਦੇ ਮੁੱਦੇ ਪੰਜਾਬੀਆਂ ਨੂੰ ਬਹੁਤ ਪਸੰਦ ਆਏ, ਪਰ ਪਾਰਟੀ ਨੂੰ ਬਾਕੀ ਭਾਰਤ ਵਿੱਚ ਲੜੀਆਂ ਕਰੀਬ 460 ਸੀਟਾਂ ਵਿੱਚੋਂ ਇਅਕ 'ਤੇ ਵੀ ਜਿੱਤ ਨਾ ਮਿਲੀ ਤੇ ਬਹੁਤੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਸਾਫ ਹੈ ਕਿ ਪੰਜਾਬ ਨੇ ਇਸ ਨਵੀਂ ਉਭਰੀ ਪਾਰਟੀ ਨੂੰ ਕੌਮੀ ਪੱਧਰ 'ਤੇ ਮਾਨਤਾ ਦਿਵਾਈ ਤੇ ਪਾਰਟੀ ਦੇ ਚਾਰ ਨੁਮਾਇੰਦੇ ਲੋਕ ਸਭਾ ਵਿੱਚ ਪਹੁੰਚੇ। ਇਸ ਤੋਂ ਬਾਅਦ ਫਰਵਰੀ 2015 ਵਿੱਚ ਦਿੱਲੀ ਅਸੈਂਬਲੀ ਦੀਆਂ ਮੱਧਕਾਲੀ ਚੋਣਾਂ ਵਿੱਚ ਇਸ ਨੇ ਸੱਤਰ ਵਿੱਚੋਂ 67 ਸੀਟਾਂ ਜਿੱਤੀਆਂ ਅਤੇ ਭਾਜਪਾ ਪੱਲੇ ਸਿਰਫ ਤਿੰਨ ਸੀਟਾਂ ਪਈਆਂ, ਜਦੋਂ ਕਿ ਕੁਝ ਮਹੀਨੇ ਪਹਿਲਾਂ ਭਾਜਪਾ ਨੇ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ 'ਤੇ ਕਬਜ਼ਾ ਕੀਤਾ ਸੀ। ਇਸ ਜਿੱਤ ਨੇ ਕੇਜਰੀਵਾਲ ਨੂੰ ਪਾਰਟੀ ਦਾ ਇੱਕੋ ਇੱਕ ਚੁਣੌਤੀ ਰਹਿਤ ਆਗੂ ਬਣਾ ਦਿੱਤਾ ਤੇ ਉਨ੍ਹਾਂ ਪਾਰਟੀ ਵਿੱਚ ਆਪਣੇ ਲਈ ਹਰ ਚੁਣੌਤੀ ਖਤਮ ਕਰ ਦੇਣ ਦੇ ਮਕਸਦ ਨਾਲ ਪ੍ਰਸ਼ਾਂਤ ਭੂਸ਼ਣ, ਯੋਗੇਂਦਰ ਯਾਦਵ, ਆਨੰਦ ਕੁਮਾਰ, ਐਡਮਿਰਲ ਰਾਮਦਾਸ ਵਰਗੇ ਮੁੱਢਲੇ ਆਗੂਆਂ ਨੂੰ ਦੁੱਧ ਵਿੱਚੋਂ ਮੱਖੀ ਵਾਂਗ ਕੱਢ ਕੇ ਬਾਹਰ ਮਾਰਿਆ ਜੋ ਪਾਰਟੀ ਵਿੱਚ ਦੇਸ਼ ਦੀ ਰਵਾਇਤੀ ਸਿਆਸਤ ਦਾ ਪਹਿਲਾ ਝਲਕਾਰਾ ਸੀ। ਬਾਅਦ ਵਿੱਚ ਪਾਰਟੀ ਦੀ ਇਸੇ ਨੀਤੀ ਦਾ ਸ਼ਿਕਾਰ ਡਾਕਟਰ ਧਰਮਵੀਰ ਗਾਂਧੀ ਹੋਏ, ਜੋ ਉਸ ਸਮੇਂ ਪਾਰਟੀ ਦੇ ਪਾਰਲੀਮੈਂਟ ਦਲ ਦੇ ਆਗੂ ਸਨ। ਉਨ੍ਹਾਂ ਨੂੰ ਕੇਜਰੀਵਾਲ ਦੀਆਂ ਹਦਾਇਤਾਂ ਨਾ ਮੰਨਣ ਕਾਰਨ ਅਹੁਦੇ ਤੋਂ ਹਟਾ ਦਿੱਤਾ ਗਿਆ। ਇਨ੍ਹਾਂ ਹਰਕਤਾਂ ਨੇ ਪਾਰਟੀ ਦੇ ਅਕਸ ਨੂੰ ਕਾਫੀ ਢਾਹ ਲਾਈ, ਪਰ ਕੇਜਰੀਵਾਲ ਨੇ ਆਪਣਾ ਅੜੀਅਲ ਰਵੱਈਆ ਜਾਰੀ ਰੱਖ ਕੇ ਹੋਰ ਕਈ ਸਤਿਕਾਰਤ ਆਗੂਆਂ ਨੂੰ ਬਾਹਰ ਕੱਢ ਦਿੱਤਾ। ਇਨ੍ਹਾਂ ਵਿੱਚ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਸ਼ਾਮਲ ਸਨ ਜਿਨ੍ਹਾਂ ਦੇ ਖਿਲਾਫ ਇਹ ਕਾਰਵਾਈ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੀ ਗਈ। ਇਸ ਤਰ੍ਹਾਂ ਪਾਰਟੀ ਦਾ ਸਾਰਾ ਢਾਂਚਾ ਟੁੱਟਣਾ ਤੇ ਇਸ ਦਾ ਝਾੜੂ ਖਿਲਰਨਾ ਸ਼ੁਰੂ ਹੋ ਗਿਆ। ਕੇਜਰੀਵਾਲ ਦੀਆਂ ਨੀਤੀਆਂ ਨੇ ਪੰਜਾਬ ਦੇ ਵਿਧਾਇਕਾਂ ਨੂੰ ਵੀ ਛੇਤੀ ਹੀ ਨਾਰਾਜ਼ ਕਰ ਲਿਆ ਤੇ ਪੰਜਾਬੀ ਆਮ ਆਦਮੀ ਪਾਰਟੀ ਤੋਂ ਨਿਰਾਸ਼ ਹੁੰਦੇ ਗਏ।

ਇਸ ਸੰਦਰਭ ਵਿੱਚ ਸਾਨੂੰ ਆਮ ਆਦਮੀ ਪਾਰਟੀ ਦੀ ਪੰਜਾਬ ਦੀ ਸਮਕਾਲੀ ਸਿਆਸਤ ਵਿੱਚ ਪ੍ਰਸੰਗਕਤਾ ਦੇਖਣ ਦੀ ਲੋੜ ਹੈ ਜਿੱਥੇ 2014 ਦੀ ਸਫਲਤਾ ਤੋਂ ਬਾਅਦ ਇਸ ਦੀ ਪਹਿਲੀ ਵੱਡੀ ਪਰਖ 2017 ਦੀਆਂ ਵਿਧਾਨ ਸਭਾ ਚੋਣਾਂ ਸਨ। ਇਨ੍ਹਾਂ ਵਿੱਚ ਪਾਰਟੀ ਆਪਣਾ ਵੋਟ ਆਧਾਰ ਕਾਇਮ ਰੱਖਣ ਵਿੱਚ ਕਾਮਯਾਬ ਰਹੀ, ਪਰ ਸੀਟਾਂ ਪੱਖੋਂ ਬੁਰੀ ਤਰ੍ਹਾਂ ਹਾਰ ਗਈ ਜਿਸ ਤੋਂ ਪਾਰਟੀ ਦੇ ਦੇਸ਼-ਵਿਦੇਸ਼ ਵਿਚਲੇ ਹਮਾਇਤੀ ਬਹੁਤ ਨਿਰਾਸ਼ ਹੋਏ। ਕਿਆਸ ਲਾਏ ਜਾ ਰਹੇ ਸਨ ਕਿ ਪੰਜਾਬ ਵਿੱਚ ਵੀ ਆਪ ਦਿੱਲੀ ਵਾਲਾ ਕਾਰਨਾਮਾ ਦੁਹਰਾਉਂਦੀ ਹੋਈ 100 ਤੋਂ ਵੱਧ ਸੀਟਾਂ ਜਿੱਤੇਗੀ ਤੇ ਇਹ ਵੀ ਸੱਚ ਹੈ ਕਿ ਆਮ ਆਦਮੀ ਪਾਰਟੀ ਤੋਂ ਉਸ ਵਕਤ ਸੂਬੇ ਦੀਆਂ ਮੁੱਖ ਪਾਰਟੀਆਂ ਜਿਵੇਂ ਕਾਂਗਰਸ ਤੇ ਅਕਾਲੀ ਦਲ ਵਿੱਚ ਘਬਰਾਹਟ ਮਹਿਸੂਸ ਕੀਤੀ ਜਾ ਰਹੀ ਸੀ, ਪਰ ਚੋਣਾਂ ਦੇ ਨਤੀਜੇ ਪਾਰਟੀ ਹਮਦਰਦਾਂ ਨਹੀਂ, ਸਾਰਿਆਂ ਲਈ ਹੈਰਾਨੀ ਜਨਕ ਸਨ ਕਿਉਂਕਿ ਇਹ ਪਾਰਟੀ ਮਸਾਂ 20 ਸੀਟਾਂ ਜਿੱਤ ਸਕੀ ਤੇ ਦੋ ਦਰਜਨ ਤੋਂ ਵੱਧ 'ਤੇ ਇਸ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦੇ ਕਈ ਕਾਰਨ ਸਨ, ਪਰ ਮੁੱਖ ਕਾਰਨ ਕੇਜਰੀਵਾਲ ਕੋਲ ਤਾਕਤਾਂ ਦਾ ਭਾਰੀ ਕੇਂਦਰੀਕਰਨ ਤੇ ਉਨ੍ਹਾਂ ਵੱਲੋਂ ਪੰਜਾਬ ਵਿੱਚ ਲਾਏ ਗਏ ਗੈਰ ਪੰਜਾਬੀ ਆਗੂਆਂ ਦਾ ਆਪਹੁਦਰਾਪਣ ਸੀ, ਜਿਹੜੇ ਪੰਜਾਬੀ ਲੋਕਾਂ ਨੂੰ ਆਪਣੀ ਮੁੱਠੀ ਵਿੱਚ ਸਮਝਦੇ ਸਨ। ਪਾਰਟੀ ਨੇ ਟਿਕਟਾਂ ਦੀ ਵੰਡ ਵਿੱਚ ਬਹੁਤ ਗੜਬੜ ਕੀਤੀ ਤੇ ਇਹ ਮਾਝੇ ਦੁਆਬੇ ਦੀਆਂ 65 ਸੀਟਾਂ ਵਿੱਚੋਂ ਕੋਈ ਸੀਟ ਨਾ ਜਿੱਤ ਸਕੀ ਤੇ ਦੋਆਬੇ ਵਿੱਚੋਂ ਇਸ ਨੂੰ ਸਿਰਫ ਦੋ ਸੀਟਾਂ ਮਿਲੀਆਂ। ਅੰਮ੍ਰਿਤਸਰ ਪਾਰਲੀਮੈਂਟ ਹਲਕੇ ਦੀ ਟਿਕਟ ਬਹੁਤ ਵਿਵਾਦਤ ਵਿਅਕਤੀ ਨੂੰ ਦਿੱਤੀ ਗਈ ਜਿਹੜਾ ਅਕਾਲੀ ਦਲ ਦੀ ਦਸ ਸਾਲਾ ਹਕੂਮਤ ਦੌਰਾਨ ਉਨ੍ਹਾਂ ਨਾਲ ਰਿਹਾ ਸੀ। ਬਹੁਤ ਸਾਰੇ ਉਮੀਦਵਾਰ ਕੇਂਦਰੀ ਆਗੂਆਂ ਦੀ ਮਿਹਰ ਨਾਲ ਰਾਤੋ ਰਾਤ ਇਸ ਪਾਰਟੀ ਦੀਆਂ ਟਿਕਟਾਂ ਲੈ ਗਏ, ਪਰ ਉਹ ਲੋਕਾਂ ਨੂੰ ਪਸੰਦ ਨਾ ਆਏ। ਇਸ ਤਰ੍ਹਾਂ ਸ੍ਰੀ ਕੇਜਰੀਵਾਲ ਬਹੁਤ ਸ਼ਾਤਿਰ ਸਿਆਸਤਦਾਨ ਬਣ ਕੇ ਉਭਰੇ, ਜਿਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਕਦੋਂ ਫੰਡ ਲੈਣ ਲਈ ਦਾਗੀ ਉਮੀਦਵਾਰ ਉਤਾਰਨੇ ਹਨ। ਇਸ ਦੌਰਾਨ ਉਨ੍ਹਾਂ ਦੀ ਇੱਕੋ ਵੇਲੇ ਧੁਰ ਸੱਜੇ ਪੱਖੀਆਂ ਅਤੇ ਨਾਲ ਹੀ ਖੱਬੇ ਪੱਖੀਆਂ ਨਾਲ ਗੰਢ-ਤੁਪ ਵੀ ਪਾਰਟੀ ਦੇ ਅਕਸ ਲਈ ਭਾਰੀ ਪਈ। ਉਪਰੋਂ ਉਨ੍ਹਾਂ ਦੇ ਸਾਥੀ ਮੁਨੀਸ਼ ਸਿਸੋਦੀਆ ਵੱਲੋਂ ਨਵਾਂ ਸ਼ਹਿਰ ਵਿੱਚ ਦਿੱਤੇ ਇਸ ਬਿਆਨ ਨੇ ਭੱਠਾ ਬਿਠਾ ਦਿੱਤਾ ਕਿ ਕੇਜਰੀਵਾਲ ਵੀ ਪੰਜਾਬ ਦੇ ਮੁੱਖ ਮੰਤਰੀ ਲਈ ਉਮੀਦਵਾਰ ਹੋ ਸਕਦੇ ਹਨ। ਚੋਣਾਂ ਤੋਂ ਬਾਅਦ ਦੇ ਪੰਜਾਬ ਦੇ ਅੰਕੜਿਆਂ ਤੋਂ ਜ਼ਾਹਰ ਹੈ ਕਿ ਪੰਜਾਬੀ ਕਦੇ ਬਾਹਰਲੇ ਬੰਦੇ ਨੂੰ ਆਪਣਾ ਮੁੱਖ ਮੰਤਰੀ ਨਹੀਂ ਮਨਜ਼ੂਰ ਕਰ ਸਕਦੇ, ਹਾਂ ਸਥਾਨਕ ਆਗੂ ਹਿੰਦੂ ਸਿੱਖ ਕੋਈ ਵੀ ਹੋ ਸਕਦਾ ਹੈ। ਇਸ ਦੇ ਨਾਲ ਕਮਜ਼ੋਰ ਜਥੇਬੰਦਕ ਢਾਂਚਾ, ਸਿਆਸੀ ਤਜਰਬੇ ਦੀ ਘਾਟ, ਉਮੀਦਵਾਰਾਂ ਦੀ ਗਲਤ ਚੋਣ, ਫੈਸਲੇ ਲੈਣ ਦੀ ਦਿੱਲੀ ਆਧਾਰਤ ਪ੍ਰਕਿਰਿਆ ਆਦਿ ਕਾਰਨ ਪਾਰਟੀ ਦੀ ਜਿੱਤ ਦਾ ਰਾਹ ਔਖਾ ਹੋ ਗਿਆ। ਇਸ ਹਾਰ ਤੋਂ ਬਾਅਦ ਵੀ ਪਾਰਟੀ ਨੇ ਸਬਕ ਨਹੀਂ ਸਿਖਿਆ ਅਤੇ ਇਸ ਵਿੱਚ ਅੰਦਰੂਨੀ ਉਥਲ-ਪੁਥਲ ਜਾਰੀ ਰਹੀ। ਸੁਖਪਾਲ ਸਿੰਘ ਖਹਿਰਾ ਨੂੰ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਇਆ ਜਾਣਾ, ਐਚ ਐਸ ਫੂਲਕਾ ਦਾ ਅਸਤੀਫਾ, ਹੋਰ ਕਈਆਂ ਦੇ ਅਸਤੀਫੇ ਤੇ ਪਾਰਟੀ ਨੂੰ ਛੱਡ ਜਾਣਾ ਤੇ ਚਾਰ ਅਸੈਂਬਲੀ ਜ਼ਿਮਨੀ ਚੋਣਾਂ ਵਿੱਚ ਮਾੜੀ ਕਾਰਗੁਜ਼ਾਰੀ ਤੋਂ ਪਾਰਟੀ ਸਾਫ ਤੌਰ 'ਤੇ ਨਿਘਾਰ ਵੱਲ ਜਾਂਦੀ ਦਿਖਾਈ ਦੇਂਦੀ ਹੈ। ਪਾਰਟੀ ਦਾ ਵਿਧਾਇਕ ਦਲ ਬੁਰੀ ਤਰ੍ਹਾਂ ਦੋਫਾੜ ਹੋ ਗਿਆ। ਇਸ ਦੇ ਨਾਲ ਕੇਜਰੀਵਾਲ ਵੱਲੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਮਾਣਹਾਨੀ ਦੇ ਕੇਸ ਵਿੱਚ ਮੁਆਫੀ ਮੰਗੇ ਜਾਣ ਨੇ ਉਨ੍ਹਾਂ ਦੇ ਮਜ਼ਬੂਤ ਆਗੂ ਹੋਣ ਦਾ ਵਹਿਮ ਵੀ ਲੋਕ ਮਨਾਂ ਵਿੱਚੋਂ ਕੱਢ ਦਿੱਤਾ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਸੰਗਰੂਰ ਦੀ ਇੱਕੋ ਸੀਟ ਜਿੱਤ ਸਕੀ ਤੇ ਇਸ ਦਾ ਵੋਟ ਆਧਾਰ ਵੀ 2014 ਦੇ 25 ਫੀਸਦੀ ਤੋਂ ਘੱਟ ਕੇ 2019 ਵਿੱਚ ਮਸਾਂ 7.4 ਫੀਸਦੀ ਰਹਿ ਗਿਆ।

ਪਾਰਟੀ ਦਾ ਪੰਜਾਬ ਵਿਚਲਾ ਇਹ ਸੰਕਟ ਅਤੇ ਇਸ ਦੇ ਬਾਕੀ ਬਚੇ ਕਾਰਕੁਨਾਂ ਦਾ ਤਾਜ਼ਾ ਜੋਸ਼ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ, ਜੋ ਜਥੇਬੰਦਕ ਮਜ਼ਬੂਤੀ, ਲੀਡਰਸ਼ਿਪ ਦੀ ਕੁਆਲਿਟੀ, ਉਮੀਦਵਾਰਾਂ ਦੀ ਚੋਣ ਤੇ ਇਸ ਦੇ ਏਜੰਡੇ ਵਿੱਚ ਇਖਲਾਕ ਤੇ ਦਿਆਨਤਦਾਰੀ ਵਰਗੇ ਮੁੱਦਿਆਂ ਬਾਰੇ ਹੈ। ਪਿਛਲੀਆਂ ਲੋਕ ਸਭਾ ਚੋਣਾਂ ਬੁਰੀ ਤਰ੍ਹਾਂ ਹਾਰਨ ਪਿੱਛੋਂ ਪਾਰਟੀ ਨੂੰ ਆਪਣੀ ਰਣਨੀਤੀ ਦੀ ਨਜ਼ਰਸਾਨੀ ਕਰਨੀ ਪਵੇਗੀ ਤਾਂ ਕਿ ਇਸ ਵਿੱਚ ਲੋਕਾਂ ਦਾ ਭਰੋਸਾ ਬਹਾਲ ਹੋ ਸਕੇ, ਪਰ ਇਹ ਬਹੁਤ ਔਖਾ ਕੰਮ ਹੈ ਕਿਉਂਕਿ ਇਸ ਦਾ ਆਗੂ ਦਿੱਲੀ ਦੇ ਤਾਜ਼ਾ ਦੰਗਿਆਂ ਤੇ ਹੋਰ ਅਹਿਮ ਮੁੱਦਿਆਂ ਉਤੇ ਧਾਰੀ ਚੁੱਪ ਕਾਰਨ ਲੋਕਾਂ ਦਾ ਭਰੋਸਾ ਗੁਆ ਰਿਹਾ ਹੈ। ਦਿੱਲੀ ਦੇ ਇਨ੍ਹਾਂ ਦੰਗਿਆਂ ਨੇ ਪੰਜਾਬੀਆਂ ਨੂੰ 1964 ਦਾ ਕਤਲੇਆਮ ਚੇਤੇ ਕਰਵਾ ਦਿੱਤਾ ਹੈ। ਕਨ੍ਹਈਆ ਕੁਮਾਰ ਖਿਲਾਫ ਦੇਸ਼ ਧਰੋਹ ਦਾ ਕੇਸ ਚਲਾਉਣ ਦੀ ਦਿੱਲੀ ਸਰਕਾਰ ਵੱਲੋਂ ਇਜਾਜ਼ਤ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਵੀ ਪੰਜਾਬੀਆਂ ਦੇ ਗਲੇ ਨਹੀਂ ਉਤਰੀ। ਇਸ ਦੇ ਨਾਲ ਕੇਜਰੀਵਾਲ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਤਾਜ਼ਾ ਮੀਟਿੰਗ ਨੇ ਵੀ ਉਨ੍ਹਾਂ ਵੱਲੋਂ ਆਮ ਆਦਮੀ ਪਾਰਟੀ ਦੀ ਦਿੱਲੀ ਜਿੱਤ ਤੋਂ ਬਾਅਦ ਦੋਹਰੇ ਢੰਗ ਤਰੀਕੇ ਅਪਣਾਏ ਜਾਣ ਦੇ ਕਈ ਮੁੱਦੇ ਖੜ੍ਹੇ ਕੀਤੇ ਹਨ।

ਇਹ ਕੁਝ ਅਜਿਹੇ ਬੁਨਿਆਦੀ ਮੁੱਦੇ ਹਨ ਜਿਨ੍ਹਾਂ 'ਤੇ ਪੰਜਾਬ ਵਾਸੀ ਆਪ ਦੇ ਪੰਜਾਬ ਦੇ ਆਗੂਆਂ ਤੋਂ ਜਵਾਬ ਮੰਗਣਗੇ। ਉਹ ਆਪਣੇ ਪਾਰਟੀ ਸੁਪਰੀਮੋ ਦੀਆਂ ਇਨ੍ਹਾਂ ਕਾਰਵਾਈਆਂ ਦਾ ਜਵਾਬ ਦੇਣ ਤੋਂ ਇਨ੍ਹਾਂ ਨੂੰ ਵਾਜਬ ਠਹਿਰਾਉਣ ਵਿੱਚ ਕਾਮਯਾਬ ਰਹਿੰਦੇ ਹਨ ਜਾਂ ਨਹੀਂ, ਇਹ ਹੀ ਲੱਖਾਂ ਦਾ ਸਵਾਲ ਹੈ।






# ਗੁਰਦੁਆਰਾ ਝਾੜੀ ਸਾਹਿਬ ਤੁਰਗੇ, ਕਸੂਰ



ਪਿੰਡ ਤੁਰਗੇ ਕਸੂਰ ਫਿਰੋਜ਼ਪੁਰ ਰੋਡ ਉੱਤੇ ਸਟੀਲ ਬਾਗ ਵਾਲੀ ਪੁਰਾਣੀ ਮਹਿਸੂਲ ਚੰਗੀ, ਜੋ ਕਿ ਡਿਸਟਰਿਕਟ ਹਸਪਤਾਲ ਦੇ ਸਾਹਮਣੇ ਸੀ, ਤੋਂ ਇੱਕ ਸੜਕ ਨਿਕਲਦੀ ਹੈ ਜਿਹਨੂੰ ਕਾਦੀਵਿੰਡ ਰੋਡ ਆਖਿਆ ਜਾਦਾ ਹੈ, ਇਸ ਸੜਕ ਉੱਤੇ ਪਿੰਡ ਕਾਦੀਵਿੰਡ ਤੋਂ ਅੱਗੇ ਪਿੰਡ ਤੁਰਗੇ ਦੇ ਸ਼ੇਹ ਉੱਤੇ ਜੋ ਕਿ ਕਾਦੀਵਿੰਡ ਤੋਂ ਪੂਰਬ ਵੱਲ ਨੂੰ ਕੋਈ ਇੱਕ ਕਿਲੋਮੀਟਰ ਦੀ ਵਿੱਥ ਉੱਤੇ ਹੈ, ਇਸ ਦੇ ਕੋਲ ਇਹ ਅਸਥਾਨ ਆਪਣੀਆ ਸ਼ਾਨਾ ਵਿਖਾ ਰਿਹਾ ਹੈ। ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਕਸੂਰ ਨੂੰ ਜਾ ਰਹੇ ਸਨ ਤੇ "ਕਾਦੀਵਿੰਡ ਦੇ ਲੋਕਾ ਨੇ ਪ੍ਰੇਮ ਪ੍ਰਗਟ ਕੀਤਾ । ਬੇਨਤੀ ਮੰਨ ਕੇ ਗੁਰੂ ਜੀ ਇੱਥੇ ਠਹਿਰੇ । ਨਿੱਕਾ ਜਿਹਾ ਅਸਥਾਨ ਬਣਿਆ ਹੋਇਆ ਹੈ। ਇੱਥੇ ਪਾਸ ਹੀ ਉਹ ਬਿਰਛ ਸਨ ਜਿਸ ਨਾਲ ਗੁਰੂ ਜੀ ਨੇ ਘੋੜੇ ਦੀ ਅਗਾੜੀ ਪਿਛਾੜੀ ਬੰਨੀ ਸੀ । ਇਹ ਰੁੱਖ ਹੁਣ ਅਲੋਪ ਹੋ ਚੁੱਕੇ ਹਨ । ਗੁਰਦੁਆਰੇ ਦੇ ਨਾਲ ਢਾਈ ਘੁਮਾਉ ਜ਼ਮੀਨ ਭਾਈ ਸੁਲੱਖਣ ਸਿੰਘ ਜੀ ਕਾਦੀਵਿੰਡ ਵਾਲੇ ਵੱਲੋਂ ਹੈ । ਢਾਈ ਘੁਮਾਉ ਜ਼ਮੀਨ ਪਿੰਡ ਵੱਲੋ ਹੈ । ਮੇਲਾ ਵਿਸਾਖੀ ਨੂੰ ਲਗਦਾ ਸੀ ।

# ਪਿੰਡਾਂ ਨੂੰ ਪੰਚਾਇਤਾਂ ਚਲਾਉਣ, ਸਰਕਾਰ ਕਿਉਂ ਚਲਾਵੇ?

ਗੁਰਮੀਤ ਸਿੰਘ ਪਲਾਹੀ



ਭਾਰਤੀ ਸੰਵਿਧਾਨ ਵਿੱਚ 73ਵੀਂ ਸੋਧ ਅਨੁਸਾਰ ਦੇਸ਼ ਭਰ ਦੀਆਂ ਪੰਚਾਇਤਾਂ ਨੂੰ ਵੱਡੇ ਹੱਕ ਦਿੱਤੇ ਗਏ ਸਨ ਤਾਂ ਕਿ ਉਹ ਪਿੰਡਾਂ ਨਾਲ ਸੰਬੰਧਤ, ਸਰਕਾਰੀ ਮਹਿਕਮਿਆਂ ਦੇ ਕੰਮ-ਕਾਜ ਨੂੰ ਆਪਣੇ ਹੱਥਾਂ 'ਚ ਲੈ ਕੇ ਸੁਚਾਰੂ ਢੰਗ ਨਾਲ ਚਲਾ ਸਕਣ। ਪਰ ਇਹ ਸੋਧ, ਬੱਸ ਸਿਰਫ ਸੋਧ ਬਣਕੇ ਹੀ ਰਹਿ ਗਈ, ਪੰਚਾਇਤਾਂ ਪੱਲੇ ਸਰਕਾਰੀ ਅਧਿਕਾਰੀਆਂ ਅਤੇ ਹਾਕਮਾਂ ਕੁਝ ਵੀ ਨਾ ਪਾਇਆ। ਬਾਵਜੂਦ ਇਸਦੇ ਕਿ ਇਸ ਸੋਧ ਦਾ ਮੰਤਵ ਇਹ ਸੀ ਕਿ ਪਿੰਡਾਂ ਵਿੱਚ ਸਾਸ਼ਨ ਹੋਵੇ, ਪ੍ਰਸ਼ਾਸ਼ਨ ਨਹੀਂ।

ਪੰਜਾਬ ਵਿੱਚ ਪਿੰਡਾਂ ਦੇ ਪ੍ਰਬੰਧ ਅਤੇ ਵਿਕਾਸ ਲਈ ਪਿੰਡ ਪੰਚਾਇਤਾਂ ਹਨ, ਪੰਚਾਇਤ ਸੰਮਤੀਆਂ ਹਨ, ਜ਼ਿਲਾ ਪ੍ਰੀਸ਼ਦਾਂ ਹਨ, ਪਰ ਇਹਨਾ ਸਭਨਾਂ ਲੋਕਤੰਤਰੀ ਸੰਸਥਾਵਾਂ ਨੂੰ ਹਾਕਮਾਂ ਅਤੇ ਉੱਚ ਅਧਿਕਾਰੀਆਂ ਨੇ ਆਪਣੇ ਹੱਥ ਦਾ ਖਿਡੌਣਾ ਬਨਾਇਆ ਹੋਇਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਨੇਤਾ ਨਹੀਂ ਚਾਹੁੰਦੇ ਕਿ ਪੰਚਾਇਤਾਂ ਸਾਸ਼ਨ ਦੀ ਇਕਾਈ ਬਨਣ, ਕਿਉਂਕਿ ਇੰਜ ਕਰਨ ਨਾਲ ਉਹਨਾ ਦੀ ਨੇਤਾਗਿਰੀ ਹਲਕੀ ਪੈ ਜਾਏਗੀ। ਦੂਜੀ ਗੱਲ ਇਹ ਹੈ ਕਿ ਅਧਿਕਾਰੀ, ਜਿਹੜੇ ਆਪਣੇ ਉੱਚ ਅਧਿਕਾਰੀਆਂ ਦੇ ਥੱਲੇ ਕੰਮ ਕਰਦਾ ਹੈ ਅਤੇ ਜੋ ਹੁਕਮ ਉਸਨੂੰ ਉਪਰੋਂ ਆਉਂਦੇ ਹਨ, ਉਹ ਉਹਨਾ ਦੀ ਪਾਲਣਾ ਕਰਦਾ ਹੈ ਤਾਂ ਕਿ ਉਸਦੀ ਤਰੱਕੀ ਨਾ ਰੁਕੇ। ਉਹ ਪੰਚਾਇਤੀ ਰਾਜ ਐਕਟ ਅਨੁਸਾਰ ਬਣਾਏ ਨਿਯਮਾਂ ਨੂੰ ਛਿੱਕੇ ਟੰਗਕੇ ਆਪਣੀਆਂ ਮਨ ਆਈਆਂ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਕੁਝ ਲੋਕ/ਸੰਸਥਾਵਾਂ ਨੇ ਪੰਚਾਇਤੀ ਜ਼ਮੀਨਾਂ ਉਤੇ ਆਪਣੇ ਸਵਾਰਥ ਲਈ ਕਬਜ਼ੇ ਕੀਤੇ ਹੋਏ ਹਨ। ਪੰਚਾਇਤਾਂ ਜਦੋਂ ਇਹ ਕਬਜ਼ੇ ਛੁਡਵਾਉਣ ਲਈ ਯਤਨ ਕਰਦੀਆਂ ਹਨ ਤਾਂ ਪਹਿਲਾਂ ਜ਼ਿਲੇ ਦਾ ਜ਼ਿਲਾ ਵਿਕਾਸ ਅਤੇ ਪੰਚਾਇਤ ਅਧਿਕਾਰੀ ਤਾਰੀਖਾਂ ਤੇ ਤਰੀਖਾਂ ਪਾਈ ਜਾਂਦਾ ਹੈ ਅਤੇ ਜਿਹੜਾ ਕੰਮ ਉਸਨੇ ਛੇ ਮਹੀਨਿਆਂ 'ਚ ਕਰਨਾ (ਐਕਟ ਅਨੁਸਾਰ) ਹੁੰਦਾ ਹੈ, ਉਸ ਲਈ ਦੋ ਤਿੰਨ ਸਾਲ ਲਗਾ ਦਿੱਤੇ ਜਾਂਦੇ ਹਨ। ਇਹੀ ਹਾਲ ਅੱਗੋਂ ਅਪੀਲ ਉਪਰੰਤ ਡਾਇਰੈਕਟਰ ਪੰਚਾਇਤਾਂ ਦੇ ਅਧਿਕਾਰੀ ਕਰਦੇ ਹਨ। ਜੇਕਰ ਅਪੀਲ ਹਾਈਕੋਰਟ ਵਿੱਚ ਚਲੀ ਜਾਵੇ ਤਾਂ ਫਿਰ ਤਾਂ ਉਸ ਜ਼ਮੀਨ ਉਤੇ ਕੀਤੇ ਕਬਜ਼ੇ ਛੁਡਾਉਣ ਲਈ ਤਾਂ "ਰੱਬ ਹੀ ਰਾਖਾ" ਹੈ।

ਪਿੰਡ ਪੰਚਾਇਤਾਂ ਦੇ ਕੰਮ ਕਾਰ ਆਮ ਤੌਰ ਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਦਫ਼ਤਰਾਂ ਦੇ ਪੰਚਾਇਤ ਸਕੱਤਰ, ਗ੍ਰਾਮ ਸੇਵਕ ਆਦਿ ਹੀ ਕਰਦੇ ਹਨ, ਜਿਹਨਾ ਕੋਲ ਇਕੋ ਵੇਲੇ 10 ਤੋਂ 15 ਪੰਚਾਇਤਾਂ ਦਾ ਕੰਮ ਹੁੰਦਾ ਹੈ। ਜੇਕਰ ਹਿਸਾਬ ਲਾਈਏ ਤਾਂ ਇਹ ਕਰਮਚਾਰੀ ਪਿੰਡ ਪੰਚਾਇਤਾਂ ਦੀ ਮਹੀਨੇ, ਦੋ ਮਹੀਨੇ 'ਚ ਹੋਣ ਵਾਲੀਆਂ ਮੀਟਿੰਗਾਂ 'ਚ ਹਾਜ਼ਰ ਹੀ ਨਹੀਂ ਹੋ ਪਾਉਂਦੇ, ਦਫ਼ਤਰਾਂ 'ਚ ਬੈਠਕੇ ਪੰਚਾਇਤੀ ਮਤੇ ਲਿਖਦੇ ਹਨ, ਸਰਪੰਚਾਂ, ਪੰਚਾਂ ਦੇ ਦਸਤਖ਼ਤ ਘਰੋਂ ਘਰੀਂ ਜਾਕੇ ਸਰਪੰਚ ਰਾਹੀਂ ਕਰਵਾਉਂਦੇ ਹਨ ਅਤੇ ਇੰਜ ਕਾਰਵਾਈ ਪੂਰੀ ਹੋ ਗਈ ਸਮਝਦੇ ਹਨ। ਇਹੋ ਹਾਲ ਪਿੰਡਾਂ 'ਚ ਹੁੰਦੇ ਜਨਰਲ ਇਜਲਾਸਾਂ ਆਦਿ ਦਾ ਹੈ। ਗ੍ਰਾਮ ਸਭਾਵਾਂ ਦੀਆਂ ਮੀਟਿੰਗਾਂ ਦੀ ਤਾਂ ਗੱਲ ਹੀ ਛੱਡੋ ਕਿਉਂਕਿ ਪਿੰਡਾਂ 'ਚ ਸਿਆਸੀ ਸ਼ਹਿ ਉਤੇ ਧੜੇਬੰਦੀ ਹੀ ਇਤਨੀ ਹੈ ਕਿ ਕੁਝ ਦਰਜਨ ਪਿੰਡਾਂ ਨੂੰ ਛੱਡਕੇ ਪੂਰੇ ਪੰਜਾਬ ਦੀਆਂ 13000 ਤੋਂ ਵੱਧ ਪੰਚਾਇਤਾਂ ਦੇ ਜਨਰਲ ਇਜਲਾਸ ਕਾਗਜ਼ੀਂ, ਪੱਤਰੀਂ ਹੀ ਹੁੰਦੇ ਹਨ। ਉਪਰੋਂ ਜਿਥੇ ਲੇਡੀ ਸਰਪੰਚ ਹਨ, ਉਹਨਾ ਵਲੋਂ ਆਪ ਨਹੀਂ, ਸਗੋਂ ਉਹਨਾ ਦੇ ਪਤੀ, ਪੁੱਤਰ ਜਾਂ ਹੋਰ ਕੋਈ ਉਹਨਾ ਦੇ ਪਰਿਵਾਰ ਦਾ ਨਜ਼ਦੀਕੀ ਹੀ ਸਰਪੰਚੀ ਦਾ ਕੰਮ ਕਰਦੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਿੰਡਾਂ ਦੇ ਚੁਣੇ ਹੋਏ ਸਰਪੰਚ, ਬੀਡੀਪੀਓ ਦਫ਼ਤਰਾਂ 'ਚ ਕਾਰਵਾਈ ਰਜਿਸਟਰ ਚੈਕ ਬੁੱਕਾਂ, ਆਪਣੇ ਪਿੰਡਾਂ ਦੇ ਵਿਕਾਸ ਦੇ ਮਤੇ ਪੁਆਉਣ ਲਈ ਚੁੱਕੀ ਫਿਰਦੇ ਦਿਖਾਈ ਦਿੰਦੇ ਹਨ। ਪਿੰਡਾਂ ਨੂੰ ਸਰਕਾਰੀ ਗ੍ਰਾਂਟਾਂ ਹਾਕਮਾਂ ਵਲੋਂ ਆਮ ਤੌਰ 'ਤੇ ਸਿਆਸੀ ਸਾਂਝ ਭਿਆਲੀ ਦੇ ਅਧਾਰ 'ਤੇ "ਬਖਸ਼ਿਸ਼" ਕੀਤੀਆਂ ਜਾਂਦੀਆਂ ਹਨ, ਤਾਂ ਕਿ ਲੋੜ ਵੇਲੇ ਵੋਟਾਂ ਲਈਆਂ ਜਾ ਸਕਣ। ਅਸਲ ਵਿੱਚ ਤਾਂ ਪਿੰਡ ਪੰਚਾਇਤਾਂ ਦਾ ਇਸ ਢੰਗ ਨਾਲ ਸਿਆਸੀਕਰਨ ਕਰ ਦਿੱਤਾ ਗਿਆ ਹੈ ਕਿ ਉਹਨਾ ਦੇ ਕੋਲ ਕੋਈ ਅਧਿਕਾਰ ਰਹਿਣ ਹੀ ਨਹੀਂ ਦਿੱਤਾ ਗਿਆ। ਇਹਨਾ ਅਧਿਕਾਰਾਂ ਦੀ ਵਰਤੋਂ ਸਰਕਾਰੀ ਅਮਲਾ ਜਾਂ ਫਿਰ ਸਿਆਸੀ ਲੋਕ ਕਰਦੇ ਹਨ, ਜਿਹੜੇ ਆਪਣੇ ਮੁੱਠੀ ਭਰ ਕਾਰਕੁਨਾਂ ਰਾਹੀਂ ਪਿੰਡ ਸ਼ਾਮਲਾਟਾਂ ਉਤੇ ਕਬਜ਼ੇ ਕਰਵਾਉਂਦੇ ਹਨ, ਉਹਨਾ ਦੇ ਕਹਿਣ ਉਤੇ ਪੈਨਸ਼ਨਾਂ,ਨੀਲੇ ਕਾਰਡ ਆਦਿ ਜਾਰੀ ਕਰਵਾਉਂਦੇ ਹਨ। ਇਸ ਤੋਂ ਵੱਡੀ ਹੋਰ ਤ੍ਰਾਸਦੀ ਕੀ ਹੋ ਸਕਦੀ ਹੈ ਕਿ ਪਿੰਡ ਪੰਚ-ਾਇਤ, ਜਿਸਨੂੰ ਖੁਦਮੁਖਤਿਆਰ ਸੰਸਥਾ ਦਾ ਦਰਜ਼ਾ ਪੰਚਾਇਤੀ ਰਾਜ ਐਕਟਾਂ ਵਿੱਚ ਦਿੱਤਾ ਗਿਆ ਹੋਵੇ, ਉਸ ਲਈ ਪੰਚਾਇਤੀ ਰਾਜ ਮਹਿਕਮੇ ਵਲੋਂ ਵੱਖੋ-ਵੱਖਰੇ ਨਿਯਮ ਬਣਾਕੇ ਸਾਰੇ ਅਧਿਕਾਰ ਸੀਮਤ ਕਰਕੇ, ਸਰਕਾਰੀ ਕਰਮਚਾਰੀ, ਅਧਿਕਾਰੀਆਂ ਦਾ ਉਸਨੂੰ ਹੱਥ ਚੋਕਾ ਬਣਾ ਦਿੱਤਾ ਗਿਆ ਹੋਵੇ, ਜਿਹੜੇ ਹਾਕਮ ਧਿਰ ਦੇ ਇਸ਼ਾਰੇ ਤੋਂ ਬਿਨ੍ਹਾਂ ਇੱਕ ਇੱਟ ਵੀ ਪਿੰਡ 'ਚ ਨਹੀਂ ਲਗਾਉਣ ਦਿੰਦੇ। ਪੰਚਾਇਤਾਂ ਨੂੰ ਮਿਲੀਆਂ ਗ੍ਰਾਂਟਾਂ ਹੋਣ, ਪਿੰਡ ਦੀ ਪੰਚਾਇਤ ਦਾ ਸਰਪੰਚ ਜਾਂ ਪੰਚਾਇਤ ਆਪਣੀ ਮਰਜ਼ੀ ਨਾਲ ਇੱਕ ਪੈਸਾ ਵੀ ਪੰਚਾਇਤ ਫੰਡਾਂ 'ਚੋਂ ਕਢਵਾ ਨਹੀਂ ਸਕਦਾ, ਸਾਰੇ ਖਰਚੇ ਬੀਡੀਪੀਓ ਪੰਚਾਇਤ ਸਕੱਤਰਾਂ, ਗ੍ਰਾਮ ਸੇਵਾਕਾਂ ਦੇ ਰਹਿਮੋ-ਕਰਮ ਉਤੇ ਖਰਚੇ ਦੀ ਹੱਦ ਮਿਥਕੇ ਕਰ ਦਿੱਤੇ ਗਏ ਹੋਏ ਹਨ। ਅਸਲ 'ਚ ਪੰਚਾਇਤੀ ਰਾਜ ਸਿਰਫ਼ ਨਿਯਮ ਜਾਂ ਕਾਇਦੇ-ਕਾਨੂੰਨ ਨਾਲ ਨਹੀਂ ਨੌਕਰਸ਼ਾਹੀ ਦੇ ਬਲਬੂਤੇ ਉਤੇ ਚੱਲ ਰਿਹਾ ਹੈ। ਕੀ ਪੰਚਾਇਤਾਂ ਵਲੋਂ ਉਹਨਾ ਲੋਕਾਂ ਨੂੰ ਸਮਾਜਿਕ ਇਨਸਾਫ ਮਿਲ ਰਿਹਾ ਹੈ, ਜਿਹਨਾਂ ਨੂੰ ਇਹ ਇਨਸਾਫ ਚਾਹੀਦਾ ਹੈ? ਕੀ ਉਹਨਾ ਲੋਕਾਂ ਨੂੰ ਬੁਢਾਪਾ,ਵਿਧਵਾ ਪੈਨਸ਼ਨ ਮਿਲ ਰਹੀ ਹੈ, ਜਿਹਨਾ ਨੂੰ ਚਾਹੀਦੀ ਹੈ? ਕੀ ਆਂਗਨਵਾੜੀ ਕੇਂਦਰਾਂ ਵਿੱਚ ਬੱਚੇ ਜਾ ਰਹੇ ਹਨ? ਕੀ ਜ਼ਰੂਰਤਮੰਦਾਂ ਨੂੰ ਮਕਾਨ ਮਿਲ ਰਹੇ ਹਨ? ਇਹਨਾ ਸਵਾਲਾਂ ਦੇ ਜਵਾਬ ਹੈ ਹੀ ਕੋਈ ਨਹੀਂ।

ਪੰਚਾਇਤੀ ਰਾਜ ਵਿਵਸਥਾ ਦਾ ਮੁੱਖ ਕੰਮ ਸਮਾਜਿਕ ਇਨਸਾਫ ਅਮਲ ਵਿੱਚ ਲਿਆਉਣਾ ਹੈ। ਪਰ ਪੰਚਾਇਤ ਇਸ "ਪਵਿੱਤਰ ਕੰਮ" ਨੂੰ ਛੱਡਕੇ ਹੋਰ ਕੰਮ ਕਰ ਰਹੀਆਂ ਹਨ। ਕਿੰਨੀਆਂ ਕੁ ਪੰਚਾਇਤਾਂ ਹਨ,ਜੋ ਆਪਣੇ ਤੌਰ 'ਤੇ ਪਿੰਡਾਂ ਵਿੱਚ ਸਿੱਖਿਆ, ਸਿਹਤ ਸਹੂਲਤ ਪਿੰਡ ਵਾਸੀਆਂ ਨੂੰ ਪ੍ਰਦਾਨ ਕਰਨ ਲਈ ਯਤਨਸ਼ੀਲ ਹਨ। ਹਾਂ, ਪੰਜਾਬ ਦੇ ਪ੍ਰਵਾਸੀ ਪੰਜਾਬੀਆਂ ਨੇ ਪੰਚਾਇਤਾਂ ਨਾਲ ਰਲਕੇ ਪਿੰਡਾਂ 'ਚ ਵਰਨਣ ਯੋਗ ਕੰਮ ਕੀਤਾ ਹੈ। ਹਸਪਤਾਲਾਂ, ਸਕੂਲਾਂ ਦੀਆਂ ਇਮਾਰਤਾਂ ਉਸਾਰੀਆਂ ਹਨ। ਅੰਡਰ ਗਰਾਊਂਡ ਸੀਵਰੇਜ ਸਿਸਟਮ, ਸਟੇਡੀਅਮ, ਸ਼ਮਸ਼ਾਨ ਘਾਟ ਆਦਿ ਉਸਾਰੇ ਹਨ। ਕੁਝ ਪਿੰਡਾਂ ਨੂੰ ਮਾਡਲ ਪਿੰਡ ਬਣਾਇਆ ਹੈ। ਪਰ ਪੰਜਾਬ ਦਾ ਕੋਈ ਵੀ ਮੈਂਬਰ ਪਾਰਲੀਮੈਂਟ ਇਹੋ ਜਿਹਾ ਨਹੀਂ, ਜਿਸਨੇ ਕੇਂਦਰੀ ਸਕੀਮ ਅਧੀਨ ਕਿਸੇ ਪਿੰਡ ਨੂੰ ਵਿਕਸਤ ਕਰਨ ਲਈ ਚੁਣਿਆ ਹੋਵੇ ਅਤੇ ਉਥੇ ਵਿਕਾਸ ਦੇ ਉਹ ਸਾਰੇ ਕੰਮ ਕਰਵਾਏ ਹੋਣੇ, ਜਿਸਦੀ ਤਵੱਕੋਂ ਮੋਦੀ ਸਰਕਾਰ ਨੇ ਇਹਨਾ ਮੈਂਬਰ ਪਾਰਲੀਮੈਂਟਾਂ ਤੋਂ ਕੀਤੀ ਸੀ।

ਹਰ ਪਿੰਡ ਦੀ ਆਪਣੀ ਗ੍ਰਾਮ ਸਭਾ ਹੈ। ਜਿਸਦੀ ਬਣਤਰ ਅਤੇ ਹੱਕ ਇਹੋ ਜਿਹੇ ਹਨ ਕਿ ਪਿੰਡ ਦਾ ਹਰ ਵੋਟਰ ਇਸਦਾ ਮੈਂਬਰ ਹੈ ਅਤੇ ਉਹ ਪੰਚਾਇਤ ਮੀਟਿੰਗ ਵਿੱਚ ਆਪਣੀ ਰਾਏ ਰੱਖ ਸਕਦਾ ਹੈ। ਇਸ ਗ੍ਰਾਮ ਸਭਾ (ਭਾਵ ਵੋਟਰਾਂ) ਵਿਚੋਂ ਹੀ ਪਿੰਡ ਪੰਚਾਇਤ ਚੁਣੀ ਜਾਂਦੀ ਹੈ। ਭਾਵੇਂ ਕਿ ਗ੍ਰਾਮ ਸਭਾ ਨੂੰ ਇਹ ਅਧਿਕਾਰ ਹੈ ਕਿ ਉਹ ਪਿੰਡ ਪੰਚਾਇਤ ਦਾ ਬਜ਼ਟ ਪਾਸ ਕਰੇ, ਪਿੰਡਾਂ ਦੇ ਵਿਕਾਸ ਕਾਰਜਾਂ ਦੀ ਰੂਪ-ਰੇਖਾ ਤਿਆਰ ਕਰੇ ਅਤੇ ਪੰਚਾਇਤ ਦੀ ਆਮਦਨ ਖ਼ਰਚ ਬਾਰੇ ਪਿੰਡ ਪੰਚਾਇਤ ਤੋਂ ਲੋੜੀਂਦੀ ਜਾਣਕਾਰੀ ਹਾਸਲ ਕਰੇ। ਪਰ ਜ਼ਮੀਨੀ ਤੌਰ 'ਤੇ ਪਿੰਡਾਂ 'ਚ ਵੱਡੇ ਅਧਿਕਾਰ ਹੋਣ ਦੇ ਬਾਵਜੂਦ ਵੀ ਇਸ ਗ੍ਰਾਮ ਸਭਾ ਦੀ ਕੋਈ ਪੁੱਛ-ਗਿੱਛ ਹੀ ਨਹੀਂ ਰਹਿਣ ਦਿੱਤੀ ਗਈ।

ਪਿੰਡ ਦੀ ਪੰਚਾਇਤ, ਜਿਸਨੂੰ ਫੌਜਦਾਰੀ ਕੇਸ ਸੁਣਨ ਦੇ ਅਧਿਕਾਰ ਹਨ, ਪਿੰਡ ਦੀ ਸ਼ਾਮਲਾਟ ਜ਼ਮੀਨ ਤੋਂ ਕਬਜ਼ਾ ਛੁਡਾਉਣ ਦੇ ਹੱਕ ਹਨ, ਪਿੰਡ ਦੇ ਨਸ਼ਾ ਬੰਦੀ ਦਾ ਹੱਕ ਹੈ, ਪਰ ਇਹ ਸਾਰੇ ਹੱਕ ਸਿਰਫ਼ ਕਾਗਜ਼ਾਂ ਵਿੱਚ ਹੀ ਹਨ, ਅਮਲੀ ਤੌਰ 'ਤੇ ਤਾਂ ਇਹਨਾ ਦੀ ਵਰਤੋਂ ਪੁਲਿਸ ਪ੍ਰਸ਼ਾਸ਼ਨ, ਵਿਕਾਸ ਅਫ਼ਸਰ, ਜਾਂ ਐਸ.ਡੀ.ਐਮ. ਆਦਿ ਕਰਦੇ ਹਨ। ਫੌਜਦਾਰੀ ਦੇ ਮਾਮਲਿਆਂ 'ਚ ਬਹੁਤੀ ਵੇਰ ਪੰਚਾਇਤਾਂ ਦੀ ਥਾਣਿਆਂ 'ਚ ਸੁਣਵਾਈ ਤੱਕ ਨਹੀਂ ਹੁੰਦੀ। ਵਿਕਾਸ ਦਫ਼ਤਰਾਂ ਜਾਂ ਪ੍ਰਬੰਧਕੀ ਦਫ਼ਤਰਾਂ ਜਾਂ ਮਹਿਕਮਿਆਂ ਦੇ ਦਫ਼ਤਰਾਂ 'ਚ ਸਹੀ ਮਾਅਨਿਆਂ 'ਚ ਉਹਨਾ ਨੂੰ ਪੁੱਛਿਆ ਤੱਕ ਨਹੀਂ ਜਾਂਦਾ। ਅਸਲ ਵਿੱਚ ਪੰਚਾਇਤਾਂ ਸਿਆਸਤਦਾਨਾਂ ਲਈ ਵੋਟਾਂ ਵਟੋਰਨ ਦਾ ਅਤੇ ਅਧਿਕਾਰੀਆਂ ਲਈ ਪੰਚਾਇਤਾਂ ਦੇ ਹੱਕਾਂ ਦਾ ਹਰਨ ਕਰਕੇ, ਉੱਚ ਅਧਿਕਾਰੀਆਂ ਅਤੇ ਹਾਕਮਾਂ ਨੂੰ ਖੁਸ਼ ਕਰਨ ਦਾ ਸਾਧਨ ਬਣਕੇ ਰਹਿ ਗਈਆਂ ਹਨ।

ਪੰਜਾਬ ਦੇ ਗਿਣਵੇਂ ਪਿੰਡਾਂ ਨੂੰ ਛੱਡਕੇ, ਬਾਕੀ ਪਿੰਡਾਂ ਦੀ ਹਾਲਤ ਬਹੁਤ ਭੈੜੀ ਹੈ। ਆਜ਼ਾਦੀ ਤੋਂ ਸੱਤਰ ਵਰ੍ਹਿਆਂ ਬਾਅਦ ਵੀ , ਗੰਦੇ ਪਾਣੀ ਜਾਂ ਛੱਪੜਾਂ ਕਾਰਨ ਪਿੰਡਾਂ 'ਚ ਸਫਾਈ ਦੇ ਹਾਲਾਤ ਬਦਤਰ ਹਨ। ਹੁਣ ਤੱਕ ਵੀ ਪਿੰਡਾਂ ਦੇ ਵਿਕਾਸ ਨੂੰ ਸਿਰਫ ਗਲੀਆਂ, ਨਾਲੀਆਂ ਪੱਕੀਆਂ ਕਰਨ, ਛੱਪੜਾਂ ਨੂੰ ਗਰਾਊਂਡਾਂ 'ਚ ਬਦਲਣ, ਜਾਂ ਫਿਰ ਸ਼ਮਸ਼ਾਨ ਘਾਟ ਉਸਾਰਨ ਤੱਕ ਸੀਮਤ ਕਰਕੇ ਰੱਖ ਦਿੱਤਾ ਗਿਆ। ਗਿਣਤੀ ਦੇ ਪਿੰਡਾਂ 'ਚ ਅੰਡਰਗਰਾਊਂਡ ਸੀਵਰੇਜ ਸਿਸਟਮ ਜਾਂ ਟਰੀਟਮੈਂਟ ਪਲਾਂਟ ਹਨ। ਬਰਸਾਤੀ ਪਾਣੀ ਦੀ ਰੀਚਾਰਚਿੰਗ ਲਈ ਛੱਪੜਾਂ ਦੀ ਕਮੀ ਹੈ, ਜਿਹੜੇ ਛੱਪੜ ਹੈ ਵੀ ਹਨ, ਉਹਨਾ ਉਤੇ ਕਬਜੇ ਹੋ ਰਹੇ ਹਨ, ਜਾਂ ਉਹਨਾ ਨੂੰ ਮਿੱਟੀ ਪਾਕੇ ਪੂਰਿਆ ਜਾ ਰਿਹਾ ਹੈ। ਪਿੰਡਾਂ ਦੀਆਂ ਸਕੂਲ ਇਮਰਤਾਂ ਦੇ ਹਾਲਤ ਮੰਦੇ ਹਨ। ਸਿਹਤ ਸਹੂਲਤਾਂ ਲਈ ਬਣਾਈਆਂ ਡਿਸਪੈਂਸਰੀਆਂ ਦੀਆਂ ਇਮਾਰਤਾਂ ਅਤੇ ਹੋਰ ਬੁਨਿਆਦੀ ਢਾਂਚਾ ਨਾ ਹੋਣ ਬਰੋਬਰ ਹੈ। ਖੇਡ ਮੈਦਾਨ, ਸਟੇਡੀਅਮ ਤਾਂ ਸਿਰਫ਼ ਕੁਝ ਪਿੰਡਾਂ 'ਚ ਹੀ ਹਨ। ਅਨਾਜ ਸਟੋਰੇਜ ਲਈ ਕੋਲਡ ਸਟੋਰੇਜ ਦੀ ਕਮੀ ਹੈ। ਪਿੰਡਾਂ ਦੀਆਂ ਸਹਿਕਾਰੀ ਸੁਸਾਇਟੀਆਂ ਕੁਝ ਲੋਕਾਂ ਦੇ ਹੱਥਾਂ ਵਿੱਚ ਹੋਣ ਕਾਰਨ, ਲੋਕਾਂ ਨੂੰ ਜ਼ਰੂਰੀ ਸੁਵਿਧਾਵਾਂ ਦੇਣ ਤੋਂ ਆਕੀ ਹਨ। ਪਿੰਡਾਂ 'ਚ ਸਟਰੀਟ ਲਾਈਟਾਂ ਨਹੀਂ ਹਨ। ਪਸ਼ੂਆਂ ਦੇ ਹਸਪਤਾਲ ਨਹੀਂ ਹਨ। ਇਸ ਤੋਂ ਵੀ ਵੱਡੀ ਗੱਲ ਤਾਂ ਇਹ ਹੈ ਕਿ ਲੋਕਾਂ ਕੋਲ ਪੂਰੇ ਸਮੇਂ ਦਾ ਰੁਜ਼ਗਾਰ ਹੀ ਨਹੀਂ ਹੈ।

ਇਹੋ ਜਿਹੇ ਹਾਲਾਤਾਂ ਵਿੱਚ ਪੰਚਾਇਤਾਂ ਦੇ ਫ਼ਰਜ਼, ਪਿੰਡ ਸਾਸ਼ਨ ਲਈ ਵਧੇਰੇ ਹਨ। ਜੇਕਰ ਪਿੰਡ ਪੰਚਾਇਤਾਂ ਨੂੰ ਸੱਚੀਂ-ਮੁੱਚੀਂ ਖੁੱਲ੍ਹੇ ਅਧਿਕਾਰ ਹੋਣ, ਪੰਚਾਇਤਾਂ ਖੁੱਲ੍ਹੇ ਇਜਲਾਸ ਵਿੱਚ ਪਿੰਡਾਂ ਦੇ ਵਿਕਾਸ ਕਾਰਜਾਂ ਦਾ ਖਾਕਾ ਤਿਆਰ ਕਰਨ। ਨੌਜਵਾਨਾਂ ਦੇ ਸਵੈ-ਰੁਜ਼ਗਾਰ ਲਈ ਛੋਟੇ-ਛੋਟੇ ਸਹਿਕਾਰੀ ਗਰੁੱਪ ਬਣਕੇ ਕੰਮ ਖੋਲ੍ਹੇ ਜਾਣ। ਪੰਚਾਇਤਾਂ ਵਾਜਬ ਲੋੜੀਂਦੇ ਟੈਕਸ ਲਗਾਉਣ। ਆਪਣੀ ਸ਼ਾਮਲਾਟ ਜ਼ਮੀਨ ਠੇਕੇ ਤੇ ਦੇਕੇ ਜਾਂ ਸਹਿਕਾਰੀ ਖੇਤਰ 'ਚ ਲਿਆਕੇ ਉਸਦੀ ਬੀਜ ਬਿਜਾਈ ਕਰਕੇ ਕੁਝ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ । ਆਮਦਨ ਦੇ ਸਾਧਨ ਵੀ ਪੈਦਾ ਕਰੇ। ਇਸੇ ਆਮਦਨ ਨੂੰ ਲੋਕ ਭਲਾਈ ਕੰਮਾਂ ਜਿਸ ਵਿੱਚ ਸਿਹਤ, ਸਿੱਖਿਆ ਸਹੂਲਤਾਂ ਅਤੇ ਵਾਤਾਵਰਨ ਸੁਧਾਰ ਸ਼ਾਮਲ ਹਨ, ਲਈ ਵਰਤੇ।

ਇਹ ਤਦੇ ਸੰਭਵ ਹੋ ਸਕੇਗਾ ਜੇ ਪੰਚਾਇਤਾਂ ਨੂੰ ਸ਼ਾਸ਼ਨ ਦਾ ਹੱਕ ਮਿਲੇ ਅਤੇ ਪ੍ਰਸ਼ਾਸ਼ਨ ਪੰਚਾਇਤਾਂ ਦੇ ਅਧਿਕਾਰ 'ਚ ਬਿਨ੍ਹਾਂ ਵਜਾਹ ਦਖ਼ਲ ਨਾ ਦੇਵੇ। ਮਹਾਤਮਾ ਗਾਂਧੀ, ਰਾਮ ਮਨੋਹਰ ਲੋਹੀਆ ਅਤੇ ਜੈ ਪ੍ਰਕਾਸ਼ ਨਰਾਇਣ ਦੀ ਮਨਸ਼ਾ ਸੀ ਕਿ ਪਿੰਡ ਵਿੱਚ ਸ਼ਾਸ਼ਨ ਹੋਵੇ, ਪ੍ਰਸ਼ਾਸ਼ਨ ਨਹੀਂ।

# ਸਿਦਕ ਦੀ ਛਾਂ

-ਸ਼ਵਿੰਦਰ ਕੌਰ

ਲਗਾਤਾਰ ਵਹਿੰਦੇ ਹੰਝੂ ਜੀਤੋ ਦੀ ਚੁੰਨੀ ਨੂੰ ਸਿੱਲ੍ਹੀ ਕਰ ਰਹੇ ਸਨ। ਉਹਨੇ ਨਾ ਤਾਂ ਹੰਝੂ ਪੂੰਝਣ ਦੀ ਕੋਸ਼ਿਸ਼ ਕੀਤੀ, ਨਾ ਰੋਕਣ ਦੀ। ਉਹ ਸ਼ਾਂਤ ਬੈਠੀ ਉਨ੍ਹਾਂ ਦੇ ਰੁਕਣ ਦਾ ਇੰਤਜ਼ਾਰ ਕਰ ਰਹੀ ਸੀ। ਅੱਜ ਤੱਕ ਉਹ ਕਦੇ ਕੋਠੇ ਦੀ ਕਿਸੇ ਨੁੱਕਰ ਵਿੱਚ ਖੜ੍ਹ ਕੇ ਜਾਂ ਫਿਰ ਚੁੱਲ੍ਹੇ ਅੱਗੇ ਬੈਠੀ ਧੂੰਏਂ ਦੇ ਪੱਜ ਰੋ ਕੇ ਆਪਣੇ ਦਿਲ ਦਾ ਗੁਬਾਰ ਕੱਢਦੀ ਰਹੀ ਸੀ। ਦਿਲ ਵਿੱਚੋਂ ਉਠਦੇ ਹੌਕਿਆਂ ਨੂੰ ਉਹਨੇ ਕਦੇ ਬੁੱਲ੍ਹਾਂ ਤੋਂ ਬਾਹਰ ਨਹੀਂ ਆਉਣ ਦਿੱਤਾ ਸੀ, ਮਤੇ ਉਹਦੀਆਂ ਧੀਆਂ ਸੁਣ ਲੈਣ। ਬੋਚ ਬੋਚ ਘਰ ਵਿੱਚ ਵੀ ਪੈਰ ਧਰਦੀਆਂ ਧੀਆਂ ਨੂੰ ਉਹ ਹੋਰ ਸਹਿਮ ਵਿੱਚ ਨਹੀਂ ਸੀ ਰੱਖਣਾ ਚਾਹੁੰਦੀ। ਅੱਜ ਦੇ ਹੰਝੂ ਖ਼ੁਸ਼ੀ ਦੇ ਸਨ, ਜੋ ਉਹਨੂੰ ਮੁੱਦਤਾਂ ਬਾਅਦ ਨਸੀਬ ਹੋਈ ਸੀ। ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਉਸ ਦੀ ਵੱਡੀ ਧੀ ਦੇ ਫੋਨ, ਕਿ ਉਸ ਦੀ ਚੋਣ ਬੈਂਕ ਵਿੱਚ ਨੌਕਰੀ ਦੀ ਹੋ ਗਈ ਹੈ, ਨੂੰ ਸੁਣਦਿਆਂ ਹੀ ਹੰਝੂ ਆਪ ਮੁਹਾਰੇ ਸ਼ੁਰੂ ਹੋ ਗਏ ਸਨ। ਛੋਟੀ ਧੀ ਘਰ ਨਹੀਂ ਸੀ। ਇਕੱਲੀ ਬੈਠੀ ਦਾ ਉਹਦਾ ਮਨ ਕਦੋਂ ਅਤੀਤ ਦੇ ਪੰਨੇ ਫਰੋਲਣ ਲੱਗ ਪਿਆ, ਪਤਾ ਨਾ ਲੱਗਾ। ਵੀਹ ਕੁ ਸਾਲ ਪਹਿਲਾਂ ਦੀ ਰੀਲ ਉਸ ਦੀਆਂ ਅੱਖਾਂ ਅੱਗੇ ਘੁੰਮ ਗਈ। ਵਿਆਹ ਨੂੰ ਪੰਜ ਕੁ ਸਾਲ ਹੋਏ ਸਨ, ਉਸ ਦਾ ਮਜ਼ਦੂਰ ਪਤੀ ਸਿਰ ਚੜ੍ਹੇ ਕਰਜ਼ਾ ਦਿਨੋ-ਦਿਨ ਵਧਦਾ ਦੇਖ ਢੇਰੀ ਢਾਹ ਬੈਠਾ ਸੀ। ਮਾਨਸਿਕ ਪ੍ਰੇਸ਼ਾਨੀ ਨਾ ਝੱਲਦਿਆਂ ਇੱਕ ਦਿਨ ਖ਼ੁਦਕੁਸ਼ੀ ਕਰ ਕੇ ਪਰਵਾਰ ਨੂੰ ਵਿਲਕਦਿਆਂ ਛੱਡ ਗਿਆ ਸੀ।

ਘਰ ਦੀ ਹਾਲਤ ਪਹਿਲਾਂ ਹੀ ਰੋਜ਼ ਖੂਹ ਪੁੱਟਣ ਤੇ ਰੋਜ਼ ਪਾਣੀ ਪੀਣ ਵਾਲੀ ਸੀ, ਇੱਕੋ-ਇੱਕ ਕਮਾਊ ਮਰਦ ਦੇ ਤੁਰ ਜਾਣ ਨਾਲ ਘਰ ਦਾ ਠੰਢਾ ਪਿਆ ਚੁੱਲ੍ਹਾ ਜੀਤੋ ਨੂੰ ਕਿਸੇ ਆਹਰ ਲੱਗਣ ਦੇ ਸੰਕੇਤ ਦੇਂਦਾ ਸੀ। ਭੁੱਖੀਆਂ ਧੀਆਂ ਮਾਂ ਅਤੇ ਦਾਦੀ ਦੇ ਗਲ ਲੱਗ ਕੇ ਰੋ ਰਹੀਆਂ ਸਨ। ਬਾਬਲ ਦੇ ਮੋਹ ਭਿੱਜੇ ਤੇ ਰੱਖਿਅਕ ਹੱਥਾਂ ਤੋਂ ਸਦਾ ਲਈ ਵਾਂਝੇ ਹੋ ਜਾਣ ਵਾਲੇ ਦੁੱਖ ਭਰੇ ਅਹਿਸਾਸ ਤੋਂ ਅਜੇ ਉਹ ਅਣਜਾਣ ਸਨ। ਸੱਸ ਸਹੁਰਾ ਬੈਠ ਕੇ ਖਾਣ ਵਾਲੇ ਸਨ। ਜਦੋਂ ਮਜ਼ਦੂਰੀ ਕਰਕੇ ਪੂਰਾ ਢਿੱਡ ਨੂੰ ਨਾ ਮਿਲੇ ਤਾਂ ਬੁਢਾਪਾ ਚੰਦਰਾ ਵੀ ਉ ਮ ਰ

ਪਹਿਲਾਂ ਢਾਹ ਲੈਂਦਾ ਹੈ। ਫਿਰ ਉਹਦੀ ਅਤੇ ਉਹਦੀਆਂ ਦੋਹਾਂ ਧੀਆਂ ਦੀ ਬਾਂਹ ਕੌਣ ਫੜਦਾ? ਇੱਕ ਦਿਨ ਬਜ਼ੁਰਗ ਉਹਨੂੰ ਬਿਠਾ ਕੇ ਕਹਿਣ ਲੱਗੇ, 'ਦੇਖ ਧੀਏ, ਅਸੀਂ ਆਪਣੀਆਂ ਬਣੀਆਂ ਆਪ ਨਿਬੇੜਾਂਗੇ, ਤੂੰ ਜਵਾਨ ਜਹਾਨ ਹੈਂ, ਆਪਣੇ ਪੇਕੇ ਮਾਂ-ਬਾਪ ਕੋਲ ਚਲੀ ਜਾਹ। ਤੇਰੇ ਮਾਪੇ ਕੋਈ ਚੰਗੀ ਮਾੜੀ ਥਾਂ ਦੇਖ ਕੇ ਤੇਰੀ ਰੋਟੀ ਦਾ ਕੋਈ ਪ੍ਰਬੰਧ ਕਰ ਦੇਣਗੇ। ਇੱਥੇ ਕਈ ਤੇਰੀ ਮਜ਼ਬੂਰੀ ਦਾ ਫਾਇਦਾ ਉਠਾਉਣ ਚਾਹੁਣਗੇ। ਉਥੇ ਤੇਰੇ ਮਾਂ ਬਾਪ ਅਤੇ ਤੇਰਾ ਭਰਾ ਤੇਰੇ ਸਿਰ 'ਤੇ ਹੱਥ ਰੱਖਣਗੇ।" ਜੀਤੋ ਚੁੱਪ ਕਰਕੇ ਨੀਵੀ ਪਾਈ ਗੱਲਾਂ ਸੁਣਦੀ ਰਹੀ। ਉਹਨੇ ਮਨ ਵਿੱਚ ਫੈਸਲਾ ਕਰ ਲਿਆ ਕਿ ਉਹ ਘਰ ਛੱਡ ਕੇ ਨਹੀਂ ਜਾਵੇਗੀ। ਉਹਨੂੰ ਆਪਣੇ ਪੇਕਿਆਂ ਦੀ ਆਰਥਿਕ ਹਾਲਤ ਦਾ ਪਤਾ ਸੀ! ਦਿਹਾੜੀਦਾਰ ਮਜ਼ਦੂਰ ਉਹਦਾ ਬਾਪ ਅਤੇ ਭਰਾ ਅਤਿ ਦੀ ਮਹਿੰਗਾਈ ਵਿੱਚ ਆਪਣੇ ਟੱਬਰ ਦਾ ਢਿੱਡ ਮਸਾਂ ਭਰਦੇ ਹਨ। ਉਨ੍ਹਾਂ ਨੂੰ ਦੁਖੀ ਕਰਨ ਦੀ ਥਾਂ ਮੈਂ ਆਪਣੀਆਂ ਬਣੀਆਂ ਆਪੇ ਨਿਬੇੜਾਂਗੀ। ਆਪਣੀ ਸੱਸ ਮਾਂ ਦੇ ਗਲ਼ ਲਗਦਿਆਂ ਇੱਕ ਵਾਰ ਤਾਂ ਉਹ ਭੁੱਬਾਂ ਮਾਰ ਮਾਰ ਕੇ ਰੋਈ, ਫਿਰ ਉਹਨੇ ਆਪਣੇ ਹੰਝੂ ਆਪ ਹੀ ਪੂੰਝ ਲਏ।

"ਲੈ ਮਾਂ ਤੇਰੀ ਇਹ ਧੀ ਅੱਜ ਤੋਂ ਬਾਅਦ ਕਦੇ ਨਹੀਂ ਰੋਏਗੀ। ਮੈਂ ਐਨੀ ਬੁਜ਼ਦਿਲ ਨਹੀਂ ਕਿ ਤੁਹਾਨੂੰ ਇਥੇ ਰੁਲਣ ਲਈ ਛੱਡ ਜਾਵਾਂ। ਮੈਂ ਤੁਹਾਨੂੰ ਅਤੇ ਬੱਚੀਆਂ ਨੂੰ ਪਾਲਣ ਲਈ ਹਰ ਮਾੜੇ ਹਾਲਾਤ ਦਾ ਮੁਕਾਬਲਾ ਕਰੂੰਗੀ। ਮਜਾਲ ਹੈ, ਕੋਈ ਮੈਲੀ ਅੱਖ ਨਾਲ ਦੇਖ ਸਕੇ ਮੇਰੀ ਵੱਲ।" ਜੀਤੋ ਨੇ ਪੂਰੇ ਸਿਦਕ ਨਾਲ ਬਿਖੜੇ ਰਾਹਾਂ 'ਤੇ ਚੱਲਣ ਇਰਾਦਾ ਕਰ ਲਿਆ। ਉਹ ਸਵੇਰੇ ਸਕੂਲ ਸਾਡੇ ਕੋਲ ਪਹੁੰਚ ਗਈ। ਆਪਣੀ ਹੱਡਬੀਤੀ ਦੱਸ ਕੇ ਉਹਨੇ ਸਕੂਲ ਦੀ ਸਫ਼ਾਈ ਕਰਨ ਲਈ ਰੱਖਣ ਵਾਸਤੇ ਬੇਨਤੀ ਕੀਤੀ। ਕੁਦਰਤੀ ਸਕੂਲ ਵਿੱਚ ਸਫ਼ਾਈ ਸੇਵਕਾ ਦੀ ਲੋੜ ਸੀ। ਪੰਜ ਸੌ ਰੁਪਏ ਮਹੀਨਾ 'ਤੇ ਉਹਨੇ ਕੰਮ ਕਰਨਾ ਸ਼ੁਰੂ ਕੀਤਾ। ਉਹਦਾ ਕੰਮ ਅਤੇ ਸੁਭਾਅ ਦੇਖ ਕੇ ਕੁਝ ਅਧਿਆਪਕਾਂ ਨੇ ਉਹਨੂੰ ਆਪਣੇ ਘਰਾਂ ਵਿੱਚ ਵੀ ਸਫ਼ਾਈ ਦੇ ਕੰਮ ਉਤੇ ਲਾ ਲਿਆ। ਮੁੱਖ ਅਧਿਆਪਕ ਕੰਮ ਕਰਨ ਵਾਲਿਆਂ ਦੀ ਕਦਰ ਕਰਦੇ ਸਨ। ਹੌਲੀ ਹੌਲੀ ਉਹਨੂੰ ਦੁਪਹਿਰ ਦੇ ਖਾਣੇ ਦਾ ਕੰਮ ਵੀ ਸੰਭਾਲ ਦਿੱਤਾ। ਉਹ ਹਮੇਸ਼ਾਂ ਆਪਣੇ ਕੰਮ 'ਤੇ ਧਿਆਨ ਰੱਖਦੀ। ਘਰੋਂ ਸਕੂਲ, ਸਕੂਲ ਤੋਂ ਅਧਿਆਪਕਾਂ ਦੇ ਘਰਾਂ ਵਿੱਚ ਕੰਮ ਕਰਨ ਤੁਰ ਜਾਂਦੀ। ਸਾਰਾ ਦਿਨ ਮਸ਼ੀਨ ਵਾਂਗ ਘੁੰਮਦੀ ਰਹਿੰਦੀ ਅਤੇ ਰਾਤ ਨੂੰ ਥੱਕ ਟੁੱਟ ਕੇ ਮੰਜੇ ਉਤੇ ਡਿੱਗ ਪੈਂਦੀ। ਕਿਸੇ ਅੱਗੇ ਬੈਠ ਆਪਣੀ ਕਿਸਮਤ ਨੂੰ ਕੋਸਣਾ ਉਹਦੇ ਸੁਭਾਅ ਵਿੱਚ ਨਹੀਂ ਸੀ। ਹਾਂ, ਉਹਨੇ ਕਰਜ਼ਾ ਮੰਗਣ ਵਾਲਿਆਂ ਨੂੰ ਜ਼ਰੂਰ ਠੋਕ ਕੇ ਜੁਆਬ ਦੇ ਦਿੱਤਾ ਸੀ ਕਿ ਨਾ ਮੈਂ ਤੁਹਾਡੇ ਕੋਲੋਂ ਕਰਜ਼ਾ ਮੰਗਣ ਆਈ ਸੀ ਤੇ ਨਾ ਮੈਂ ਕਿਸੇ ਨੂੰ ਧੇਲਾ ਦੇਵਾਂਗੀ।

ਧੀਆਂ ਨੂੰ ਉਹਨੇ ਸਕੂਲ ਵਿੱਚ ਦਾਖ਼ਲ ਕਰਾ ਦਿੱਤਾ। ਧੀਆਂ ਪੜ੍ਹਨ ਵਿੱਚ ਹੁਸ਼ਿਆਰ ਸਨ। ਥੋੜ੍ਹੀਆਂ ਵੱਡੀਆਂ ਹੋਈਆਂ ਤਾਂ ਮਾਂ ਨਾਲ ਕੰਮ ਵਿੱਚ ਹੱਥ ਵਟਾਉਣ ਲੱਗੀਆਂ। ਸਕੂਲ ਵਰਦੀ ਅਤੇ ਕਿਤਾਬਾਂ ਸਰਕਾਰ ਵੱਲੋਂ ਮਿਲਦੀਆਂ ਸਨ। ਦੁਪਹਿਰ ਦਾ ਖਾਣਾ ਸਕੂਲ ਵਿੱਚੋਂ ਖਾ ਲੈਂਦੀਆਂ ਸਨ। ਜੀਤੋ ਦੇ ਸਿਦਕ ਰੂਪੀ ਬੂਟੇ ਨੂੰ ਫ਼ਲ ਲੱਗਣੇ ਸ਼ੁਰੂ ਹੋ ਗਏ। ਵੱਡੀ ਧੀ ਬਾਰਵੀਂ ਵਿੱਚੋਂ ਚੰਗੇ ਨੰਬਰ ਆਉਣ ਕਰਕੇ ਸ ਰ ਕਾ ਰੀ ਕਾਲਜ ਵਿੱਚ ਦਾਖ਼ਲ ਹੋ ਗਈ। ਉਹ ਕਾਲਜ ਤੋਂ ਆ ਕੇ ਛੋਟੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਦਿੰਦੀ ਅਤੇ ਇਉਂ ਆਪਣਾ ਖ਼ਰਚ ਕੱਢ ਲੈਂਦੀ। ਉਹਨੇ ਕਾਮਰਸ ਦੇ ਵਿਸ਼ੇ ਲੈ ਕੇ ਗਰੇਜੂਏਸ਼ਨ ਕਰ ਲਈ। ਛੋਟੀ ਧੀ ਨੂੰ ਬੀ ਐਸ ਸੀ-ਨਰਸਿੰਗ ਵਿੱਚ ਦਾਖ਼ਲਾ ਮਿਲ ਗਿਆ।

ਅੱਜ ਉਸਦੀ ਧੀ ਦੀ ਮਿਹਨਤ ਨੂੰ ਬੂਰ ਪੈ ਗਿਆ ਸੀ। ਉਹ ਬੈਂਕ ਵਾਲਾ ਟੈਸਟ ਪਾਸ ਕਰਕੇ ਨੌਕਰੀ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਈ। ਧੀ ਨੇ ਆ ਕੇ ਲੱਡੂਆਂ ਦੇ ਦੋ ਡੱਬੇ ਰੱਖਦਿਆਂ ਆਪਣੀ ਮਾਂ ਨੂੰ ਜੱਫੀ ਪਾ ਲਈ, "ਲੈ ਮਾਂ ਇੱਕ ਡੱਬਾ ਸਕੂਲ ਲੈ ਜਾਵੀਂ। ਅਧਿਆਪਕਾਂ ਨੇ ਆਪਣੀ ਹਰ ਅੜੇ-ਥੁੜ੍ਹੇ ਵੇਲੇ ਬਹੁਤ ਮਦਦ ਕੀਤੀ ਹੈ। ਤੇਰੇ ਸਿਰੜ ਅਤੇ ਸਿਦਕ ਭਰੇ ਕਦਮਾਂ ਸਦਕਾ ਅਤੇ ਅਧਿਆਪਕਾਂ ਦੀ ਹੌਸਲਾ ਅਫ਼ਜ਼ਾਈ ਕਾਰਨ ਹੀ ਅੱਜ ਮੈਂ ਆਪਣੇ ਪੈਰਾਂ ਤੇ ਖੜ੍ਹਨ ਯੋਗ ਹੋਈ ਹਾਂ। ਅੱਜ ਤੋਂ ਬਾਅਦ ਤੈਨੂੰ ਛੋਟੀ ਦਾ ਫ਼ਿਕਰ ਕਰਨ ਦੀ ਲੋੜ ਨਹੀਂ।"

"ਹਾਂ ਧੀਏ, ਮੈਨੂੰ ਤੁਹਾਡੇ 'ਤੇ ਮਾਣ ਹੈ ਕਿ ਤੁਸੀਂ ਮੇਰਾ ਦਰਦ ਮਹਿਸੂਸ ਕੀਤਾ। ਮੇਰੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦਿੱਤਾ, ਪਰ ਛੋਟੀ ਦਾ ਫ਼ਿਕਰ ਕਰਨ ਨੂੰ ਅਜੇ ਮੇਰੇ ਵਿੱਚ ਬਥੇਰੀ ਹਿੰਮਤ ਹੈ। ਤੂੰ ਕੁਝ ਕਰਨਾ ਹੈ ਤਾਂ ਮੇਰੇ ਵਰਗੀਆਂ ਉਨ੍ਹਾਂ ਮਾਵਾਂ ਦਾ ਕਰੀਂ, ਜਿਨ੍ਹਾਂ ਨੂੰ ਬਿਖੜੇ ਰਾਹਾਂ ਉਤੇ ਇਕੱਲਿਆਂ ਤੁਰਨਾ ਪੈਂਦਾ ਹੈ, ਜਿਨ੍ਹਾਂ ਨੂੰ ਚਾਹੁੰਦਿਆਂ ਵੀ ਮੇਰੇ ਵਾਂਗੂੰ ਕੰਮ ਨਹੀਂ ਮਿਲਦਾ। ਉਨ੍ਹਾਂ ਬੱਚਿਆਂ ਦਾ ਕਰੀਂ ਜਿਨ੍ਹਾਂ ਦੇ ਸਿਰ ਉੱਤੇ ਨਾ ਮਾਪਿਆਂ ਦੀ ਛਾਂ ਰਹਿੰਦੀ ਹੈ ਤੇ ਨਾ ਹੀ ਸਿਰ ਲੁਕਾਉਣ ਲਈ ਛੱਤ ਹੁੰਦੀ ਹੈ। ਬੱਸ ਉਨ੍ਹਾਂ ਲਈ ਸਹਾਰਾ ਬਣੀ।..

# ਸੁਰਖੀ ਦੀ ਸਿਆਸਤ

-ਸੀਮਾ ਸ਼ਰਮਾ

ਸਵੇਰੇ ਸਵੇਰੇ ਚਾਹ ਦੇ ਕੱਪ ਨਾਲ ਜਦੋਂ ਕੋਈ ਪਾਠਕ ਅਖ਼ਬਾਰ ਖੋਲ੍ਹਦਾ ਹੈ ਤਾਂ ਉਸ ਦੀ ਪਹਿਲੀ ਨਿਗ੍ਹਾ ਮੁੱਖ ਪੰਨੇ ਤੇ ਮੋਟੇ ਅੱਖਰਾਂ ਵਿੱਚ ਛਪੀ ਮੁੱਖ ਸੁਰਖੀ ਉਤੇ ਆਪ-ਮੁਹਾਰੇ ਚਲੀ ਜਾਂਦੀ ਹੈ। ਕਿਸੇ ਵੀ ਖ਼ਬਰ ਲਈ ਅਖ਼ਬਾਰ ਵੱਲੋਂ ਦਿੱਤੀ ਸੁਰਖੀ ਪਾਠਕ ਲਈ ਵਿਸ਼ੇਸ਼ ਮਾਇਨੇ ਰੱਖਦੀ ਹੈ। ਬਹੁਤ ਵਾਰ ਖ਼ਬਰ ਦੀ ਪੇਸ਼ਕਾਰੀ ਦੇਖ ਕੇ ਹੀ ਪਾਠਕ ਤੈਅ ਕਰਦਾ ਹੈ ਕਿ ਕਿਹੜੀ ਖ਼ਬਰ ਨੂੰ ਪੜ੍ਹਨਾ ਉਸ ਲਈ ਜ਼ਰੂਰੀ ਹੈ ਅਤੇ ਕਿਸੇ ਨੂੰ ਨਾ ਪੜ੍ਹਨ ਨਾਲ ਉਸਦਾ ਕੰਮ ਚਲ ਸਕਦਾ ਹੈ। ਸੁਰਖੀ ਵਾਲੀਆਂ ਖ਼ਬਰਾਂ ਆਮ ਕਰਕੇ ਪੜ੍ਹੀਆਂ ਹੀ ਜਾਂਦੀਆਂ ਹਨ।

ਐਤਕੀਂ 13 ਮਾਰਚ ਦੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਬਹੁਤੇ ਅਖ਼ਬਾਰਾਂ ਵਿੱਚ ਇੱਕ ਖ਼ਬਰ ਨੂੰ ਪੂਰੀ ਤਰਜੀਹ ਦਿੱਤੀ ਗਈ ਸੀ ਅਤੇ ਉਸ ਦਿਨ ਤਕਰੀਬਨ ਸਾਰੇ ਅਖ਼ਬਾਰਾਂ ਦੀ ਸੁਰਖੀ ਮਾੜੇ-ਮੋਟੇ ਹੇਰ-ਫੇਰ ਨਾਲ ਇੱਕੋ ਜਿਹੀ ਸੀ ਜਿਹੜੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚ ਰਹੀ ਸੀ। ਖ਼ਬਰ ਕਰੋਨਾ ਵਾਇਰਸ ਕਰਕੇ ਭਾਰਤ ਵਿੱਚ ਹੋਈ ਮੌਤ ਬਾਰੇ ਸੀ। ਕਿਉਂ ਜੋ ਕਰੋਨਾ ਵਾਇਰਸ ਨਾਲ ਇਹ ਭਾਰਤ ਵਿੱਚ ਹੋਈ ਪਹਿਲੀ ਮੌਤ ਅਖ਼ਬਾਰਾਂ ਲਈ ਕਾਫ਼ੀ ਮਹੱਤਵ ਰੱਖਦੀ ਸੀ, ਇਸ ਲਈ ਸਭ ਨੇ ਇਸ ਨੂੰ ਆਪੋ-ਆਪਣੇ ਢੰਗ ਨਾਲ ਪੂਰੀ ਅਹਿਮਤੀਅਤ ਤੇ ਪਹਿਲ ਦਿੱਤੀ। ਗੂੜ੍ਹੇ ਰੰਗ ਨਾਲ ਮੋਟੇ ਮੋਟੇ ਅੱਖਰਾਂ ਵਿੱਚ ਸਜਾਈ ਇਹ ਖ਼ਬਰ ਪਾਠਕਾਂ ਅੱਗੇ ਪਰੋਸੀ ਗਈ। ਇਸ ਪਿੱਛੋਂ ਆਮ ਲੋਕਾਂ ਵਿੱਚ ਇਸ ਬਿਮਾਰੀ ਬਾਰੇ ਵਧੇਰੇ ਚਰਚਾ ਸ਼ੁਰੂ ਹੋ ਗਈ। ਇਉਂ ਸੁਰਖੀ ਨੇ ਹਰ ਆਮ-ਖਾਸ ਨੂੰ ਫ਼ਿਕਰ ਵਿੱਚ ਪਾ ਦਿੱਤਾ। ਕਰੋਨਾ ਵਾਇਰਸ ਬਾਰੇ ਚਰਚਾ ਤਾਂ ਪਹਿਲਾਂ ਹੋ ਹੀ ਰਹੀ ਸੀ, ਪਰ ਇਸ ਸੁਰਖੀ ਨਾਲ ਸਿਰਫ਼ ਕਰੋਨਾ ਵਾਇਰਸ ਬਾਰੇ ਹੀ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ।

ਇਸੇ ਦਿਨ ਕਈ ਅਖ਼ਬਾਰਾਂ ਦੇ ਦੂਜੇ ਤੋਂ ਪੰਜਵੇਂ ਪੰਨਿਆਂ ਤੱਕ ਕੁਝ ਖ਼ਬਰਾਂ ਛਪੀਆਂ ਸਨ, ਜਿਨ੍ਹਾਂ ਦੀਆਂ ਸੁਰਖੀਆਂ ਬਹੁਤ ਛੋਟੀਆਂ ਸਨ ਤੇ ਆਮ ਜਿਹੀਆਂ ਜਾਪਦੀਆਂ ਸਨ। ਇਸੇ ਲਈ ਇਹ ਪਾਠਕਾਂ ਦਾ ਧਿਆਨ ਖਿੱਚਣ ਤੋਂ ਅਸਮਰਥ ਹੀ ਜਾਪ ਰਹੀਆਂ ਸਨ। ਇਨ੍ਹਾਂ ਵਿੱਚੋਂ ਪਹਿਲੀ ਖ਼ਬਰ ਕਿਸਾਨ ਖ਼ੁਦਕੁਸ਼ੀ, ਦੂਜੀ ਬਲਾਤਕਾਰ ਅਤੇ ਤੀਜੀ ਖ਼ਬਰ ਦਹੇਜ ਕਾਰਨ ਮਾਰੀ ਗਈ ਕੁੜੀ ਬਾਰੇ ਸੀ। ਇਹ ਖ਼ਬਰਾਂ ਵੀ ਮੌਤ ਨਾਲ ਸਬੰਧਤ ਸਨ, ਪਰ ਇਹ ਕਰੋਨਾ ਵਾਇਰਸ ਵਰਗੀ ਕਿਸੇ ਖਾਸ ਬਿਮਾਰੀ ਕਾਰਨ ਨਹੀਂ ਹੋਈਆਂ ਸਨ। ਇਸੇ ਲਈ ਇਹ ਅਖ਼ਬਾਰ ਦੀ ਪਹਿਲੀ ਸੁਰਖੀ ਵਾਲੀ ਥਾਂ ਨਹੀਂ ਬਣਾ ਸਕੀਆਂ।

ਇੱਕ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਹਰ 15 ਮਿੰਟ ਵਿੱਚ ਇੱਕ ਬਲਾਤਕਾਰ ਹੁੰਦਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਮੁਤਾਬਕ ਹਰ ਦਿਨ ਪੂਰੇ ਦੇਸ਼ ਅੰਦਰ ਦਹੇਜ ਦੇ 21 ਕੇਸ ਦਰਜ ਹੁੰਦੇ ਹਨ। ਇਸੇ ਤਰ੍ਹਾਂ ਇੱਕ ਹੋਰ ਰਿਪੋਰਟ ਦੇ ਅਨੁਸ-ਾਰ ਪੰਜਾਬ ਵਿੱਚ ਹਰ ਰੋਜ਼ ਇੱਕ-ਦੋ ਕਿਸਾਨ ਕਰਜ਼ੇ ਕਾਰਨ ਖ਼ੁਦਕੁਸ਼ੀ ਕਰਦੇ ਹਨ। ਸਵਾਲ ਇਹ ਹੈ ਕਿ ਆਖ਼ਿਰ ਕਿਉਂ ਇਹ ਘਟਨਾਵਾਂ ਅਖ਼ਬਾਰ ਦੇ ਮੁੱਖ ਸਫੇ ਉਤੇ ਜਗ੍ਹਾ ਨਹੀਂ ਬਣਾ ਸਕੀਆਂ? ਇਨ੍ਹਾਂ ਖ਼ਬਰਾਂ ਨੂੰ ਰੋਜ਼ਮੱਰਾ ਦੀਆਂ ਖ਼ਬਰਾਂ ਵਾਂਗ ਸਿਰਫ਼ ਇੱਕ ਜਾਂ ਬਹੁਤ ਹੋਇਆ ਤਾਂ ਦੋ ਕਾਲਮਾਂ ਵਿੱਚ ਨਿਬੇੜ ਦਿੱਤਾ ਜਾਂਦਾ ਹੈ। ਉਂਜ ਇਨ੍ਹਾਂ ਵਿੱਚ ਵੀ ਸਿਰਫ਼ ਨਾਂ ਅਤੇ ਥਾਂ ਤਬਦੀਲ ਹੁੰਦੇ ਹਨ, ਬਾਕੀ ਖ਼ਬਰਾਂ ਦੀ ਸੁਰਖੀ ਤੇ ਸ਼ਬਦ ਬਗੈਰਾ ਉਹੀ ਹੁੰਦੇ ਹਨ। ਸ਼ਾਇਦ ਕਿਸਾਨ ਦੀ ਖ਼ੁਦਕੁਸ਼ੀ, ਬਲਾਤਕਾਰ ਤੇ ਦਾਜ ਖ਼ਾਤਰ ਕੁੜੀ ਦੀ ਮੌਤ ਵਰਗੀਆਂ ਘਟਨਾਵਾਂ ਸਾਨੂੰ ਕਬੂਲ ਹੋ ਗਈਆਂ ਹਨ। ਇਹ ਘਟਨਾਵਾਂ ਸਾਨੂੰ ਸ਼ਾਇਦ ਝੰਜੋੜਦੀਆਂ ਨਹੀਂ। ਇਸੇ ਲਈ ਇਨ੍ਹਾਂ ਕਾਰਨਾਂ ਕਰਕੇ ਕਿਸੇ ਦੀ ਮੌਤ ਦੀ ਖ਼ਬਰ ਅਖ਼ਬਾਰ ਅਤੇ ਪਾਠਕਾਂ ਲਈ ਕੋਈ ਖਾਸ ਮਾਇਨੇ ਨਹੀਂ ਰੱਖਦੀ।

ਕਿਸੇ ਵੀ ਖ਼ਬਰ ਦੀ ਸੁਰਖੀ ਉਸ ਖ਼ਬਰ ਨਾਲ ਸਿਆਸਤ ਕਰਦੀ ਹੈ, ਤੇ ਉਸ ਖ਼ਬਰ ਨੂੰ ਆਮ ਤੋਂ ਖਾਸ ਅਤੇ ਖਾਸ ਤੋਂ ਆਮ ਬਣਾ ਦਿੰਦੀ ਹੈ। ਇਸੇ ਲਈ ਇੱਕ ਪਾਸੇ ਵੱਡੇ ਵੱਡੇ ਅੱਖਰਾਂ ਅਤੇ ਪੰਜ-ਸੱਤ ਕਾਲਮਾਂ ਵਿੱਚ ਫੈਲੀ ਸੁਰਖੀ ਕਿਸੇ ਦੀ ਮੌਤ ਨੂੰ ਖਾਸ ਬਣਾ ਕੇ ਪੇਸ਼ ਕਰਦੀ ਹੈ ਅਤੇ ਲੋਕਾਂ ਦਾ ਧਿਆਨ ਖਿੱਚ ਲੈਂਦੀ ਹੈ। ਦੂਜੇ ਪਾਸੇ ਇੱਕ-ਦੋ ਕਾਲਮ ਜਾਂ ਦਸ-ਪੰਦਰਾਂ ਲਾਈਨਾਂ ਵਿੱਚ ਕਿਸੇ ਦੀ ਮੌਤ ਦੀ ਦਰਦ ਭਰੀ ਕਹਾਣੀ ਆਪਣੇ ਆਪ ਵਿੱਚ ਸਿਮਟ ਜਾਂਦੀ ਹੈ। ਇਸ ਲਈ ਪਾਠਕ ਦੀ ਵੀ ਇਨ੍ਹਾਂ ਨੂੰ ਪੜ੍ਹਨ ਵਿੱਚ ਕੋਈ ਰੁਚੀ ਨਹੀਂ ਰਹਿੰਦੀ, ਕਿਉਂਕਿ ਇੱਕੋ ਤਰ੍ਹਾਂ ਦੀ ਸੁਰਖੀ ਪੜ੍ਹ ਕੇ ਪਾਠਕ ਵੀ ਅਕੇਵਾਂ ਮਹਿਸੂਸ ਕਰਦਾ ਹੈ ਅਤੇ ਕਿਸਾਨ ਖ਼ੁਦਕੁਸ਼ੀ, ਬਲਾਤਕਾਰ ਤੇ ਦਾਜ-ਦਹੇਜ ਵਾਲੀ ਖ਼ਬਰ ਅਤੇ ਇਸੇ ਤਰ੍ਹਾਂ ਦੀਆਂ ਤਮਾਮ ਖ਼ਬਰਾਂ ਦੀ ਸੁਰਖੀ ਪੜ੍ਹ ਕੇ ਪੰਨਾ ਪਲਟ ਲੈਂਦਾ ਹੈ।

ਇਸੇ ਤਰ੍ਹਾਂ ਰੋਜ਼ ਕਿੰਨੀਆਂ ਹੀ ਅਜਿਹੀਆਂ ਖ਼ਬਰਾਂ ਸੁਰਖੀ ਦੀ ਸਿਆਸਤ ਕਾਰਨ ਅਖ਼ਬਾਰ ਦੇ ਕਿਸੇ ਵਿਚਲੇ ਪੰਨੇ ਦੇ ਕੋਨੇ ਵਿੱਚ ਦਮ ਤੋੜ ਦਿੰਦੀਆਂ ਹਨ। ਅਖ਼ਬਾਰ ਦੀ ਸੁਰਖੀ ਆਮ ਬੰਦਿਆਂ ਨਾਲ ਸਿਆਸਤ ਕਰਦੀ ਹੈ, ਇਸੇ ਲਈ ਆਮ ਬੰਦੇ ਦੇ ਖਾਸ ਮੁੱਦੇ ਵੀ ਖਾਸ ਨਹੀਂ ਬਣਦੇ। ਜਦੋਂ ਤੱਕ ਆਮ ਬੰਦੇ ਦੀ ਖ਼ਬਰ ਦੀ ਸੁਰਖੀ, ਆਮ ਲੋਕਾਂ ਦੀ ਗੱਲ ਵੱਡੀ ਹੋ ਕੇ ਨਹੀਂ ਕਹਿੰਦੀ, ਉਦੋਂ ਤੱਕ ਕਿਸਾਨ ਖ਼ੁਦਕੁਸ਼ੀ ਕਰਦੇ ਰਹਿਣਗੇ, ਕੁੜੀਆਂ ਦਾਜ ਤੇ ਬਲਾਤਕਾਰ ਦੀ ਬਲੀ ਚੜ੍ਹ ਦੀਆਂ ਰਹਿਣਗੀਆਂ ਅਤੇ ਆਮ ਲੋਕਾਂ ਦੇ ਖਾਸ ਮਸਲੇ ਸੁਰਖੀ ਦੀ ਇਸ ਸਿਆਸਤ ਥੱਲੇ ਦੱਬ ਕੇ ਆਪਣਾ ਦਮ ਤੋੜਦੇ ਰਹਿਣਗੇ।

# ਵਿਦੇਸ਼ਾਂ ਤੋਂ ਪਰਤਣ ਵਾਲੇ ਪੰਜਾਬੀਆਂ ਤੋਂ ਹੁਣ ਆਮ ਲੋਕ ਡਰਨ ਲੱਗੇ

ਕੋਰੋਨਾ ਦਾ ਅਸਰ

ਪਟਿਆਲਾ, 22 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਬਿਮਾਰੀ ਕਾਰਨ ਵਿਦੇਸ਼ਾਂ ਤੋਂ ਮੁੜਦੇ ਪੰਜਾਬੀਆਂ ਕੋਲੋਂ ਪੰਜਾਬ ਦੇ ਲੋਕ ਡਰਨ ਲੱਗੇ ਹਨ। ਸਿਹਤ ਵਿਭਾਗ ਨੇ ਪਿਛਲੇ ਦੋ ਮਹੀਨਿਆਂ ਦੌਰਾਨ ਪਟਿਆਲਾ ਜ਼ਿਲੇ ਵਿੱਚ ਵਿਦੇਸ਼ਾਂ ਤੋਂ ਮੁੜੇ 1150 ਲੋਕਾਂ ਦੀ ਸਕਰੀਨਿੰਗ ਕਰ ਕੇ ਕਲੀਨ ਚਿੱਟ ਦੇ ਦਿੱਤੀ, ਪਰ ਗਲਤ ਐਡਰੈੱਸ ਵਾਲੇ ਦੋ ਵਿਅਕਤੀ ਹਾਲੇ ਤੱਕ ਲੱਭਣੇ ਬਾਕੀ ਹਨ। ਇਨ੍ਹਾਂ ਵਿੱਚੋਂ ਕੁਝ ਲੋਕਾਂ ਦੀ ਸੂਚੀ ਵਾਇਰਲ ਹੋਣ ਮਗਰੋਂ ਇਨ੍ਹਾਂ ਦੇ ਗੁਆਂਢ ਰਹਿੰਦੇ ਲੋਕਾਂ ਨੇ ਸਿਹਤ ਵਿਭਾਗ ਅਤੇ ਹੋਰ ਵਿਭਾਗਾਂ ਨੂੰ ਫੋਨ ਕਰ ਦਿੱਤੇ। ਇਸ ਤਰ੍ਹਾਂ ਲੋਕਾਂ ਵਿੱਚ ਆਪਣੀ ਵੱਖਰੀ ਤਸਵੀਰ ਬਣੀ ਵੇਖ ਕੇ ਵਿਦੇਸ਼ਾਂ ਤੋਂ ਪਰਤੇ ਵਿਅਕਤੀਆਂ ਨੂੰ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।

ਵਰਨਣ ਯੋਗ ਹੈ ਕਿ ਬੀਤੇ ਦੋ ਮਹੀਨਿਆਂ ਦੌਰਾਨ ਵੱਖ-ਵੱਖ ਦੇਸ਼ਾਂ ਤੋਂ ਚੱਕਰ ਲਾ ਕੇ ਆਏ 1150 ਵਿਅਕਤੀਆਂ ਦੀ ਪਟਿਆਲਾ ਦੇ ਸਿਹਤ ਵਿਭਾਗ ਨੇ ਸਕਰੀਨਿੰਗ ਕੀਤੀ ਹੈ, ਪਰ ਹੋਰ ਵਿਭਾਗ ਵੀ ਇਸ ਵਿਭਾਗ ਨੂੰ ਸਹਿਯੋਗ ਕਰ ਰਹੇ ਹਨ। ਇਸ ਦੌਰਾਨ ਵਿਦੇਸ਼ਾਂ ਤੋਂ ਆਏ ਲੋਕਾਂ ਦੇ ਨਾਵਾਂ ਦੀ ਵਾਇਰਲ ਹੋਈ ਸੂਚੀ ਨਾਲ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਸਿਹਤ ਵਿਭਾਗ ਅਤੇ ਹੋਰ ਅਧਿਕਾਰੀਆਂ ਨੂੰ ਲੋਕ ਫੋਨ ਕਰ ਕੇ ਸ਼ਿਕਾਇਤਾਂ ਕਰਨ ਲੱਗੇ ਹਨ। ਕੁਝ ਥਾਈਂ ਸਿਹਤ ਟੀਮਾਂ ਨੂੰ ਰਾਤ ਵੇਲੇ ਵੀ ਜਾਣਾ ਪਿਆ। ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਦੋ ਮਹੀਨਿਆਂ 'ਚ ਵਿਦੇਸ਼ੋਂ ਆਏ 1150 ਲੋਕਾਂ ਦੀ ਸਕਰੀਨਿੰਗ ਕਰਨ ਪਿੱਛੋਂ ਸਾਵਧਾਨੀ ਵਜੋਂ ਉਨ੍ਹਾਂ ਨੂੰ ਦੋ-ਦੋ ਹਫਤੇ ਘਰਾਂ ਵਿੱਚ ਰਹਿਣ ਦੀਆਂ ਹਦਾਇਤਾਂ



ਕੀਤੀਆਂ ਗਈਆਂ ਹਨ ਅਤੇ ਕੋਰੋਨਾ ਦੇ ਲੱਛਣਾਂ ਕਾਰਨ ਸੱਤ ਵਿਅਕਤੀਆਂ ਨੂੰ ਵੱਖਰੇ ਵਾਰਡਾਂ ਵਿੱਚ ਦਾਖਲ ਕਰ ਕੇ ਉਨ੍ਹਾਂ ਦੇ ਖ਼ੂਨ ਦੇ ਸੈਂਪਲ ਲੈ ਕੇ ਟੈਸਟ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੇ ਵੀ ਕੋਰੋਨਾ ਪੀੜਤ ਹੋਣ ਦਾ ਮਾਮਲਾ ਸਾਹਮਣੇ ਨਹੀਂ ਆਇਆ।

ਇੱਕ ਅਧਿਕਾਰੀ ਨੇ ਦੱਸਿਆ ਕਿ ਵਿਦੇਸ਼ ਤੋਂ ਆਏ ਪਟਿਆਲਾ ਦੇ ਕੁਝ ਵਿਅਕਤੀਆਂ ਨੂੰ ਟਰੇਸ ਕਰਨ ਲਈ ਪੁਲਸ ਦੀ ਮਦਦ ਲਈ ਗਈ ਅਤੇ 21 ਵਿੱਚੋਂ 17 ਜਣਿਆਂ ਦਾ ਪੁਲਸ ਰਾਹੀਂ ਪਤਾ ਲਾ ਕੇ ਉਨ੍ਹਾਂ ਦੀ ਸਕਰੀਨਿੰਗ ਕੀਤੀ ਗਈ ਹੈ। ਸਿਰਫ ਚਾਰ ਵਿਅਕਤੀ ਅਜਿਹੇ ਹਨ, ਜੋ ਅਜੇ ਟਰੇਸ ਨਹੀਂ ਹੋ ਰਹੇ, ਪਰ ਉਨ੍ਹਾਂ ਦੇ ਵੀ ਕੋਰੋਨਾ ਤੋਂ ਪੀੜਤ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਵਿਦੇਸ਼ੋਂ ਮੁੜਿਆਂ ਕਰੀਬ ਮਹੀਨਾ ਹੋ ਚੁੱਕਾ ਹੈ।

## ਬੱਚਿਆਂ ਦਾ ਵੀਜ਼ਾ ਰੱਦ ਹੋਣ ਉਤੇ ਇੰਜੀਨੀਅਰ ਨੇ ਆਸਟਰੇਲੀਆ ਵਿੱਚ ਸੁਸਾਈਡ ਕੀਤਾ

ਜਲੰਧਰ, 22 ਮਾਰਚ (ਪੋਸਟ ਬਿਊਰੋ)- ਬਸਤੀ ਸ਼ੇਖ ਦੇ ਵਸਨੀਕ ਟੇਲਰ ਮਾਸਟਰ ਅਸ਼ਵਨੀ ਸ਼ਰਮਾ ਦੇ 38 ਸਾਲ ਦੇ ਵੱਡੇ ਬੇਟੇ ਮਨੋਜ ਸ਼ਰਮਾ ਨੇ ਆਸਟਰੇਲੀਆ ਵਿੱਚ ਸੁਸਾਈਡ ਕਰ ਲਿਆ ਹੈ।

ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਉਸ ਦਾ ਵੱਡਾ ਭਰਾ ਮਨੋਜ ਆਈ ਟੀ ਇੰਜੀਨੀਅਰ ਸੀ ਅਤੇ ਆਸਟਰੇਲੀਆ ਦਾ ਸਿਟੀਜਨ ਸੀ। ਉਸ ਨੇ ਬੇਟੇ ਕਾਰਤਿਕ (15) ਅਤੇ ਬੇਟੀ ਰਿਜ਼ੂ (13) ਦਾ ਇੱਕ ਸਾਲ ਦਾ ਵੀਜ਼ਾ ਲਗਵਾਇਆ ਸੀ। ਦੋਵਾਂ ਬੱਚਿਆਂ ਨੂੰ ਲੈਣ ਲਈ ਉਹ ਅੱਠ ਮਾਰਚ ਨੂੰ ਇੰਡੀਆ ਆਉਣ ਵਾਲੇ ਸਨ। ਆਸਟਰੇਲੀਅਨ ਅੰਬੈਸੀ ਨੇ ਚਾਰ ਮਾਰਚ ਨੂੰ ਦੋਵਾਂ ਬੱਚਿਆਂ ਦੇ ਵੀਜ਼ਾ ਰਿਜੈਕਟ ਕਰ ਦਿੱਤੇ। ਇਸ ਗੱਲ ਤੋਂ ਮਨੋਜ ਪ੍ਰੇਸ਼ਾਨ ਸੀ। ਅੰਬੈਸੀ ਤੋਂ ਵੀਜ਼ਾ ਰਿਜੈਕਟ ਹੋਣ ਦਾ ਪਤਾ ਕੀਤਾ ਤਾਂ ਜਾਣਕਾਰੀ ਮਿਲੀ ਕਿ ਕਿਸੇ ਨੇ ਈ-ਮੇਲ ਰਾਹੀਂ ਸ਼ਿਕਾਇਤ ਕੀਤੀ ਸੀ ਕਿ ਉਹ ਦੋਵਾਂ ਬੱਚਿਆਂ ਨੂੰ ਵਾਪਸ ਇੰਡੀਆ ਨਹੀਂ ਭੇਜੇਗਾ। ਮਨੋਜ ਨੇ ਅੰਬੈਸੀ ਨੂੰ ਦੱਸਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੇ ਬੱਚੇ ਤਿੰਨ ਮਹੀਨੇ ਦੇ ਵੀਜ਼ਾ ਉਤੇ ਆਏ ਸਨ ਅਤੇ 25 ਦਿਨ ਬਾਅਦ ਮੁੜ ਗਏ ਸਨ। 19 ਮਾਰਚ ਨੂੰ ਉਸ ਨੇ ਫਾਹਾ ਲਾ ਕੇ ਸੁਸਾਈਡ ਕਰ ਲਿਆ। ਮਨੋਜ ਨੇ ਸੁਸਾਈਡ ਨੋਟ ਵਿੱਚ ਵੀ ਇਹੀ ਲਿਖਿਆ ਹੈ ਕਿ ਬੱਚਿਆਂ ਦਾ ਵੀਜ਼ਾ ਰਿਜੈਕਟ ਹੋਣ ਦੇ ਕਾਰਨ ਉਹ ਤਣਾਅ ਵਿੱਚ ਸੀ।

ਇਸ ਦੌਰਾਨ ਚੌਕੀ ਪਤਾਰਾ ਦੇ ਪਿੰਡ ਕੋਟਲੀ ਜਮੀਤਾ ਵਿੱਚ 25 ਸਾਲਾ ਹਰਜੀਤ ਸਿੰਘ ਪੁੱਤਰ ਪਰਮਜੀਤ ਸਿੰਘ ਨੇ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਪੁਲਸ ਨੇ ਹਰਜੀਤ ਦੇ ਪਿਤਾ ਦੇ ਬਿਆਨ ਉੱਤੇ ਕਾਰਵਾਈ ਕੀਤੀ ਹੈ। ਰਾਜ ਮਿਸਤਰੀ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਇਕਲੌਤਾ ਬੇਟਾ ਸਰੀਆ ਬੰਨ੍ਹਣ ਦਾ ਕੰਮ ਕਰਦਾ ਸੀ। ਘਰੇਲੂ ਕਾਰਨਾਂ ਕਰ ਕੇ ਉਸ ਨੇ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਉਸ ਨੇ ਕਿਹਾ ਕਿ ਸ਼ੁੱਕਰਵਾਰ ਸ਼ਾਮ ਉਹ ਆਪਣੀ ਪਤਨੀ ਨਾਲ ਕਿਸੇ ਕੰਮ ਗਏ ਸਨ। ਘਰ ਪਹੁੰਚੇ ਤਾਂ ਬੇਟੇ ਨੇ ਪੱਖੇ ਨਾਲ ਫਾਹਾ ਲਾਇਆ ਹੋਇਆ ਸੀ।

## ਰੇਡ ਵਿੱਚ ਭਾਰੀ ਮਾਤਰਾ ਵਿੱਚ ਸੈਨੇਟਾਈਜ਼ਰ ਤੇ ਮਾਸਕ ਬਰਾਮਦ

ਜਲੰਧਰ, 22 ਮਾਰਚ (ਪੋਸਟ ਬਿਊਰੋ)- ਥਾਣਾ ਨੰਬਰ ਦੋ ਹੇਠ ਆਉਂਦੇ ਮਾਰਡਨ ਸਰਜੀਕਲ ਦੇ ਗੋਦਾਮਾਂ ਉੱਤੇ ਸਿਹਤ ਵਿਭਾਗ ਦੀ ਟੀਮ ਨੇ ਰੇਡ ਕਰਕੇ ਵੱਡੀ ਮਾਤਰਾ ਵਿੱਚ ਸੈਨੇਟਾਈਜ਼ਰ ਤੇ ਮਾਸਕ ਬਰਾਮਦ ਕੀਤੇ ਹਨ। ਇਸ ਦੌਰਾਨ ਸਿਹਤ ਵਿਭਾਗ ਦੀ ਟੀਮ ਨੇ ਦੋ ਦੁਕਾਨਾਂ ਅਤੇ ਦੋ ਗੋਦਾਮ ਸੀਲ ਵੀ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਮੁਤਾਬਕ ਸਿਹਤ ਵਿਭਾਗ ਨੇ ਜਲੰਧਰ ਵਿੱਚ ਜੇਲ ਚੌਕ ਨੇੜੇ ਅਲਫਾ ਸਰਜੀਕਲ ਅਤੇ ਮਾਡਰਨ ਸਰਜੀਕਲ ਦੁਕਾਨਾਂ ਨੂੰ ਸੀਲ ਕੀਤਾ ਹੈ। ਇਹ ਦੋਵੇਂ ਦੁਕਾਨਾਂ ਇਕੋ ਹਨ। ਸਿਹਤ ਵਿਭਾਗ ਤੇ ਪੁਲਸ ਅਗਲੀ ਕਾਰਵਾਈ ਕਰ ਰਹੇ ਹਨ। ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਕਾਰਨ ਸੈਨੇਟਾਈਜ਼ਰ ਅਤੇ ਮਾਸਕ ਦੀ ਮੰਗ ਵਧਣ ਕਾਰਨ ਇਨ੍ਹਾਂ ਦੀ ਕਾਲਾ ਬਾਜ਼ਾਰੀ ਸ਼ੁਰੂ ਹੋ ਗਈ ਹੈ। ਸਰਕਾਰ ਅਤੇ ਸਿਹਤ ਵਿਭਾਗ ਨੇ ਇਨ੍ਹਾਂ ਚੀਜ਼ਾਂ ਦੇ ਮੁੱਲ ਮਿੱਥੇ ਹਨ, ਇਸ ਦੇ ਬਾਵਜੂਦ ਸੈਨੇਟਾਈਜ਼ਰ ਅਤੇ ਮਾਸਕ ਦੁਕਾਨਦਾਰਾਂ ਵਲੋਂ ਭਾਰੀ ਕੀਮਤਾਂ ਉੱਤੇ ਵੇਚੇ ਜਾਂਦੇ ਹਨ। ਸਰਕਾਰ ਦੀਆਂ ਸਖ਼ਤ ਹਦਾਇਤਾਂ ਦੇ ਬਾਵਜੂਦ ਸੈਨੇਟਾਈਜ਼ਰ ਅਤੇ ਮਾਸਕ ਦੀ ਕਾਲਾਬਾਜ਼ਾਰੀ ਨਹੀਂ ਰੁਕ ਰਹੀ।

ਪੰਜਾਬ ਵਿਚ ਕੋਰੋਨਾ ਦਾ ਕਹਿਰ ਲਗਾਤਾਰ ਵਧੀ ਜਾਂਦਾ ਹੈ। ਐਤਵਾਰ ਨੂੰ ਨਵਾਂਸ਼ਹਿਰ ਵਿਚ ਕੋਰੋਨਾ ਦੇ 7 ਹੋਰ ਕੇਸ ਪਾਜ਼ੀਟਿਵ ਪਾਏ ਗਏ ਹਨ। ਇਹ ਉਹੀ ਲੋਕ ਹਨ ਜਿਹੜੇ 72 ਸਾਲਾ ਮ੍ਰਿਤਕ ਬਲਦੇਵ ਸਿੰਘ ਦੇ ਸੰਪਰਕ ਵਿਚ ਆਏ ਸਨ। ਇਸ ਦੇ ਨਾਲ ਪੰਜਾਬ ਵਿਚ ਕੋਰੋਨਾ ਦੇ ਪਾਜ਼ੀਟਿਵ ਮਰੀਜ਼ਾਂ ਦੀ ਗਿਣਤੀ 14 ਤੋਂ ਵੱਧ ਕੇ 21 ਹੋ ਗਈ ਹੈ।

## ਨਸ਼ਾ ਤਸਕਰ ਦੇ ਬੈਂਕ ਲਾਕਰਾਂ ਵਿੱਚੋਂ 1.49 ਕਰੋੜ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ

ਬਰਨਾਲਾ, 22 ਮਾਰਚ (ਪੋਸਟ ਬਿਊਰੋ)- ਨਸ਼ਾ ਤਸਕਰ ਨਰੇਸ਼ ਕੁਮਾਰ ਉਰਫ਼ ਰਿੰਕੂ ਮਿੱਤਲ ਨਾਲ ਸੰਬੰਧਤ ਮਾਲੇਰਕੋਟਲਾ ਦੀ ਆਰ ਕੇ ਫਾਰਮਾ ਦੇ ਮਾਲਕ ਕੋਲੋਂ ਕੱਲ੍ਹ ਪੁਲਸ ਨੇ ਵੱਖ-ਵੱਖ ਬੈਂਕਾਂ ਦੇ ਚਾਰ ਲਾਕਰਾਂ ਵਿੱਚ ਰੱਖੀ ਹੋਈ 1.14 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਐਸ ਐਸ ਪੀ ਸੰਦੀਪ ਗੋਇਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਿਛਲੇ ਦਿਨੀਂ ਫੜੇ ਗਏ ਨਰੇਸ਼ ਕੁਮਾਰ ਤੋਂ ਮਿਲੀ ਜਾਣਕਾਰੀ ਸਦਕਾ ਆਰ ਕੇ ਫਾਰਮਾ ਮਾਲੇਰਕੋਟਲਾ ਦੇ ਮਾਲਕ ਰਾਜਿੰਦਰ ਕੁਮਾਰ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਵੱਡੀ ਮਾਤਰਾ 'ਚ ਨਸ਼ੇ ਦੀਆਂ ਗੋਲੀਆਂ ਅਤੇ 1.49 ਕਰੋੜ ਰੁਪਏ ਡਰੱਗ ਮਨੀ ਲਾਕਰਾਂ 'ਚੋਂ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੁਲਸ ਇਸ ਕੇਸ ਵਿੱਚ ਅੱਜ ਤੱਕ 45 ਲੱਖ ਦੇ ਕਰੀਬ ਨਸ਼ੀਲੀਆਂ ਗੋਲੀਆਂ, ਕੈਪਸੂਲ ਅਤੇ ਨਸ਼ੀਲੇ ਟੀਕੇ ਬਰਾਮਦ ਕਰ ਚੁੱਕੀ ਹੈ। ਪੁਲਸ ਇਸ ਕੇਸ ਵਿੱਚ ਯੂ ਪੀ ਤੋਂ ਤਾਇਬ ਕੁਰੈਸ਼ੀ, ਸ਼ਿਵਮ ਮੈਡੀਕਲ ਹਾਲ ਬਰਨਾਲਾ ਦੇ ਰੁਪੇਸ਼ ਕੁਮਾਰ,



ਐਨ ਐਸ ਮੈਡੀਕਲ ਹਾਲ ਬਰਨਾਲਾ ਦੇ ਪ੍ਰੇਮ ਕੁਮਾਰ, ਕ੍ਰਿਸ਼ਨਾ ਮੈਡੀਕਲ ਬਰਨਾਲਾ ਦੇ ਹਰਦੀਪ ਬੱਬੂ ਤੋਂ ਇਲਾਵਾ ਕਈ ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਸ਼ਹਿਰ ਦੀ ਸਭ ਤੋਂ ਪੁਰਾਣੀ ਦੁਕਾਨ ਬੀਰੂ ਰਾਮ ਠਾਕੁਰ ਦਾਸ ਦੇ ਮਾਲਕ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਨਸ਼ਾ ਤਸਕਰੀ ਕਰਨ ਦੀ ਇਲਾਕੇ ਭਰ ਵਿੱਚ ਚਰਚਾ ਚੱਲ ਰਹੀ ਸੀ।

## ਕੋਰੋਨਾ ਵਾਇਰਸ ਦਾ ਨਕਲੀ ਟੈਸਟ ਕਰਨ ਵਾਲੀ ਲੈਬਾਰਟਰੀ ਸੀਲ

ਖਰੜ, 22 ਮਾਰਚ (ਪੋਸਟ ਬਿਊਰੋ)- ਸਿਹਤ ਵਿਭਾਗ ਅਤੇ ਖਰੜ ਪੁਲਸ ਦੀ ਸਾਂਝੀ ਟੀਮ ਨੇ ਛੱਜੂਮਾਜਰਾ ਸੜਕ ਉੱਤੇ ਚੱਲਦੀ ਪੈਥ ਲੈਬ ਨੂੰ ਸੀਲ ਕਰ ਦਿੱਤਾ ਹੈ। ਇਹ ਲੈਬ ਕੋਰੋਨਾ ਵਾਇਰਸ ਦਾ ਟੈਸਟ ਕਰਨ ਦਾ ਦਾਅਵਾ ਕਰ ਕੇ ਲੋਕਾਂ ਨਾਲ ਠੱਗੀ ਕਰ ਰਹੀ ਸੀ। ਪੁਲਸ ਨੇ ਲੈਬ ਦੇ ਮਾਲਕ ਵਿਵੇਕ ਚਕਰਾਵਤੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਸਿਵਲ ਸਰਜਨ ਮੋਹਾਲੀ ਡਾ: ਮਨਜੀਤ ਸਿੰਘ ਦੇ ਮੁਤਾਬਕ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਸੀ ਕਿ ਲੈਬਾਰਟਰੀ ਮਾਲਕ ਕੋਰੋਨਾ ਵਾਇਰਸ ਦਾ ਟੈਸਟ ਕਰਨ ਦਾ ਦਾਅਵਾ ਕਰ ਕੇ ਲੋਕਾਂ ਤੋਂ 4000 ਹਜ਼ਾਰ ਰੁਪਏ ਦੀ ਫੀਸ ਲੈ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਲੈਬਾਰਟਰੀ ਅਜਿਹਾ ਕਰਨ ਲਈ ਮਨਜ਼ੂਰ ਸ਼ੁਦਾ ਨਹੀਂ ਸੀ, ਇਸ ਲਈ ਸਿਹਤ ਵਿਭਾਗ ਨੇ ਕਾਰਵਾਈ ਕੀਤੀ ਅਤੇ ਖਰੜ ਸਿਟੀ ਪੁਲਸ ਦੇ ਸਹਿਯੋਗ ਨਾਲ ਉਥੇ ਛਾਪਾ ਮਾਰ ਕੇ ਉਸ ਲੈਬਾਰਟਰੀ ਨੂੰ ਸੀਲ ਕਰ ਦਿੱਤਾ ਹੈ।

# ਦੋ ਮਜ਼ਦੂਰਾਂ ਦੀ ਮੌਤ ਦਾ ਖੁਲਾਸਾ ਇੱਕ ਮਹੀਨੇ ਬਾਅਦ ਹੋਇਆ

ਫ਼ਿਰੋਜ਼ਪੁਰ, 22 ਮਾਰਚ (ਪੋਸਟ ਬਿਊਰੋ)- ਕਸਬਾ ਤਲਵੰਡੀ ਭਾਈ ਦੇ ਪਿੰਡ ਕੋਟ ਕਰੋੜ ਕਲਾਂ ਵਿੱਚ ਰੇਤੇ ਦੀ ਨਾਜਾਇਜ਼ ਖੱਡ ਵਿੱਚ ਢਿੱਗਾਂ ਡਿੱਗਣ ਨਾਲ ਦੋ ਮਜ਼ਦੂਰਾਂ ਦੀ ਮੌਤ ਦਾ ਮਾਮਲਾ ਇਸ ਘਟਨਾ ਤੋਂ ਇੱਕ ਮਹੀਨੇ ਬਾਅਦ ਬਾਹਰ ਆਇਆ ਹੈ। ਸਥਾਨਕ ਪੁਲਸ ਅਤੇ ਖੁਦਾਈ ਵਿਭਾਗ ਦੇ ਅਧਿਕਾਰੀਆਂ 'ਤੇ ਦੋਸ਼ ਲੱਗ ਰਿਹਾ ਹੈ ਕਿ ਉਨ੍ਹਾਂ ਨੂੰ ਇਸ ਘਟਨਾ ਦੀ ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੁਲਜ਼ਮਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ।

ਸ਼ਿਕਾਇਤ ਕਰਤਾ ਨੂੰ ਇਸ ਕੇਸ ਉੱਤੇ ਕਾਰਵਾਈ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਨੇ ਖੇਤ ਮਾਲਕ ਜਗਸੀਰ ਸਿੰਘ ਉਰਫ਼ ਸ਼ੀਰਾ ਖ਼ਿਲਾਫ਼ ਰੇਤੇ ਦੀ ਨਾਜਇਜ਼ ਖੁਦਾਈ ਕਰਾਉਣ ਅਤੇ ਗ਼ੈਰ-ਇਰਾਦਤਨ ਕਤਲ ਦਾ ਕੇਸ ਦਰਜ ਕਰਾਇਆ ਹੈ। ਦੋਸ਼ੀ ਜਗਸੀਰ ਹਾਲੇ ਫ਼ਰਾਰ ਦੱਸਿਆ ਗਿਆ ਹੈ। ਮ੍ਰਿਤਕਾਂ ਦੀ ਪਛਾਣ ਕੁਲਦੀਪ ਸਿੰਘ (40) ਵਾਸੀ ਮਾਹਲਾਂ ਕਲਾਂ ਥਾਣਾ ਘੱਲ ਖੁਰਦ ਤੇ ਜਰਨੈਲ ਸਿੰਘ (41) ਵਾਸੀ ਹਰੀਏ ਵਾਲਾ ਜ਼ਿਲ੍ਹਾ ਫ਼ਰੀਦਕੋਟ ਵਜੋਂ ਹੋਈ ਹੈ। ਇਸ ਕੇਸ ਦੀ ਸ਼ਿਕਾਇਤ ਕੋਟ ਕਰੋੜ ਕਲਾਂ ਪਿੰਡ ਦੇ ਪਰਮਜੀਤ ਸਿੰਘ ਨੇ ਕੀਤੀ ਸੀ। ਉਸ ਨੇ ਦੱਸਿਆ ਕਿ ਇਹ ਘਟਨਾ 18-19 ਫਰਵਰੀ ਰਾਤ ਦੀ ਸੀ। ਉਸ ਰਾਤ ਨੂੰ ਜਗਸੀਰ ਸਿੰਘ ਦੇ ਖੇਤ ਵਿੱਚ ਖੁਦਾਈ ਦੌਰਾਨ ਰੇਤ ਦੀਆਂ ਢਿੱਗਾਂ ਡਿੱਗਣ ਨਾਲ ਦੋ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਇਸ ਤੋਂ ਬਾਅਦ ਪੁਲਸ ਤੇ ਖੁਦਾਈ ਵਿਭਾਗ ਦੇ ਅਧਿਕਾਰੀ ਵੀ ਪੁੱਜ ਗਏ ਸਨ, ਪਰ ਉਨ੍ਹਾਂ ਨੇ ਸਿਆਸੀ ਦਬਾਅ ਹੇਠ ਆ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰ ਦਿੱਤਾ। ਪੁਲਸ ਨੇ ਨਾ ਮ੍ਰਿਤਕਾਂ ਦਾ ਪੋਸਟਮ-ਾਰਟਮ ਕਰਵਾਇਆ ਅਤੇ ਨਾ ਕਾਰਵਾਈ ਕੀਤੀ। ਪਰਮਜੀਤ ਸਿੰਘ ਨੇ ਅਗਲੇ ਦਿਨ ਇਸ ਦੀ ਸ਼ਿਕਾਇਤ ਪੁਲਸ ਦੇ ਉਚ ਅਧਿਕਾਰੀਆਂ ਅਤੇ ਪੰਜਾਬ ਦੇ ਗਵਰਨਰ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵੀ ਕੀਤੀ, ਪਰ ਕੁਝ ਨਹੀਂ ਹੋਇਆ। ਫਿਰ ਉਸ ਨੇ ਹਾਈ ਕੋਰਟ ਵਿੱਚ ਜਗਸੀਰ ਸਿੰਘ ਅਤੇ ਥਾਣਾ ਇੰਚਾਰਜ ਅਤੇ ਖੁਦਾਈ ਵਿਭਾਗ ਦੇ ਅਧਿਕਾਰੀਆਂ ਦੇ ਖ਼ਿਲਾਫ਼ ਕਾਰਵਾਈ ਲਈ ਰਿੱਟ ਪੇਸਲ ਕਰ ਦਿੱਤੀ। ਇਸ ਵਿੱਚ ਮੋਗਾ ਜ਼ਿਲ੍ਹੇ ਨਾਲ ਸਬੰਧਤ ਅਕਾਲੀ ਦਲ ਦੇ ਆਗੂ ਦਾ ਜ਼ਿਕਰ ਵੀ ਹੈ। ਦੋਸ਼ ਹੈ ਕਿ ਇਸੇ ਆਗੂ ਨੇ ਮਾਮਲੇ ਨੂੰ ਰਫ਼ਾ-ਦਫ਼ਾ ਕਰਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਜਦੋਂ ਇਹ ਮਾਮਲਾ ਐਸ ਐਸ ਪੀ ਭੁਪਿੰਦਰ ਸਿੰਘ ਦੇ ਧਿਆਨ 'ਚ ਆਇਆ ਤਾਂ ਉਨ੍ਹਾਂ ਨੇ ਇਸ ਦੀ ਜਾਂਚ ਕਰਵਾਈ ਤੇ ਸਚਾਈ ਸਾਹਮਣੇ ਆਉਣ ਉੱਤੇ ਦੋਸ਼ੀ ਸ਼ੀਰਾ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ। ਪਰਮਜੀਤ ਸਿੰਘ ਦੀ ਮੰਗ ਹੈ ਕਿ ਸਬੰਧਤ ਥਾਣਾ ਮੁਖੀ ਤੇ ਖੁਦਾਈ ਵਿਭਾਗ ਦੇ ਅਧਿਕਾਰੀਆਂ ਤੇ ਅਕਾਲੀ ਆਗੂ ਵੀ ਪਰਚੇ ਵਿੱਚ ਪਾਇਆ ਜਾਵੇ।

## ਗਾਇਕ ਅੰਮ੍ਰਿਤ ਮਾਨ ਦੇ ਖਿਲਾਫ ਗਾਣੇ ਵਿੱਚ ਹਥਿਆਰਾਂ ਨੂੰ ਪ੍ਰਮੋਟ ਕਰਨ ਦਾ ਕੇਸ ਦਰਜ



ਗੋਨਿਆਣਾ ਮੰਡੀ, 22 ਮਾਰਚ (ਪੋਸਟ ਬਿਊਰੋ)- ਪੰਜਾਬੀ ਗਾਇਕ ਅੰਮ੍ਰਿਤ ਮਾਨ 'ਤੇ ਹਥਿਆਰਾਂ ਨੂੰ ਪ੍ਰਮੋਟ ਕਰਨ ਅਤੇ ਭੜਕਾਊ ਗੀਤ ਗਾਉਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਹੈ।

ਬਠਿੰਡਾ ਦੇ ਥਾਣਾ ਨੇਹੀਆਂਵਾਲਾ ਦੀ ਪੁਲਸ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਐਡਵੋਕੇਟ ਐੱਚ ਸੀ ਅਰੋੜਾ ਦੀ ਸ਼ਿਕਾਇਤ ਉੱਤੇ ਅੰਮ੍ਰਿਤ ਮਾਨ ਦੇ ਖਿਲਾਫ ਕੇਸ ਦਰਜ ਕੀਤਾ ਹੈ। ਇਸ ਗੀਤ ਵਿੱਚ ਜਿੱਥੇ ਅਸਲੇ ਦਾ ਖ਼ੂਬ ਪ੍ਰਦਰਸ਼ਨ ਕੀਤਾ ਗਿਆ ਹੈ, ਉਥੇ ਗੀਤ ਦੇ ਪੋਸਟਰ 'ਤੇ ਗਾਇਕ ਦੇ ਚਿਹਰੇ ਦੀ ਜਗ੍ਹਾ ਰਾਈਫਲ ਛਾਪੀ ਗਈ ਹੈ। ਥਾਣਾ ਨੇਹੀਆਂਵਾਲਾ ਦੇ ਐੱਸ ਆਈ ਗੁਰਿੰਦਰ ਸਿੰਘ ਨੇ ਦੱਸਿਆ ਕਿ ਐਡਵੋਕੇਟ ਐੱਚ ਸੀ ਅਰੋੜਾ ਨੇ ਪੁਲਸ ਨੂੰ ਭੇਜੀ ਸ਼ਿਕਾਇਤ ਵਿੱਚ ਕਿਹਾ ਕਿ ਬਠਿੰਡਾ ਦੀ ਗੋਨਿਆਣਾ ਮੰਡੀ ਦੇ ਵਸਨੀਕ ਪੰਜਾਬੀ ਗਾਇਕ ਅੰਮ੍ਰਿਤ ਮਾਨ ਨੇ ਇੱਕ ਗੀਤ 'ਮੈਂ ਤੇ ਮੇਰੀ ਰਫਲ ਰਕਾਨੇ ਕੰਬੀਨੇਸ਼ਨ ਚੋਟੀ ਦਾ, ਰੌਂਦਾਂ ਵਰਗਾ ਨੇਚਰ ਜੱਟ ਦਾ ਵੈਰੀ ਫੜ ਕੇ ਠੋਕੀ ਦਾ' ਗਾਇਆ ਹੈ, ਜਿਸ ਵਿੱਚ ਅੰਮ੍ਰਿਤ ਮਾਨ ਨੇ ਹਥਿਆਰਾਂ ਨੂੰ ਪ੍ਰਮੋਟ ਕੀਤਾ ਹੈ। ਪੁਲਸ ਨੇ ਐਡਵੋਕੇਟ ਐੱਚ ਸੀ ਅਰੋੜਾ ਦੀ ਸ਼ਿਕਾਇਤ 'ਤੇ ਜ਼ਿਲਾ ਕਾਨੂੰਨੀ ਅਟਾਰਨੀ ਦੀ ਰਾਏ ਲੈਣ ਦੇ ਬਾਅਦ ਮਾਨ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਹਾਈ ਕੋਰਟ ਦੇ ਹੁਕਮ ਹਨ ਕਿ ਕੋਈ ਵੀ ਗਾਇਕ ਆਪਣਾਂ ਗੀਤਾਂ ਵਿੱਚ ਹਥਿਆਰ ਕਲਚਰ ਤੇ ਸ਼ਰਾਬ ਨੂੰ ਪ੍ਰਮੋਟ ਨਹੀਂ ਕਰ ਸਕਦਾ। ਇਸ ਲਈ 24 ਜਨਵਰੀ ਨੂੰ ਮਾਨਸਾ ਪੁਲਸ ਨੇ ਆਪਣੇ ਗੀਤਾਂ ਵਿੱਚ ਬੰਦੂਕਾਂ ਅਤੇ ਹਥਿਆਰਾਂ ਨੂੰ ਪ੍ਰਮੋਟ ਕਰਨ ਦੇ ਦੋਸ਼ ਵਿੱਚ ਸਿੱਧੂ ਮੂਸੇਵਾਲਾ ਅਤੇ ਮਨਕੀਰਤ ਔਲਖ ਦੇ ਖਿਲਾਫ ਵੀ ਮਾਮਲਾ ਦਰਜ ਕੀਤਾ ਸੀ।

## ਮਿੱਥੇ ਮੁੱਲ ਤੋਂ ਮਹਿੰਗੇ ਸੈਨੇਟਾਈਜ਼ਰ ਵੇਚਣ ਵਾਲੇ ਦੁਕਾਨਦਾਰ ਅਤੇ ਪੈਲੇਸ ਮਾਲਕ ਉੱਤੇ ਕੇਸ ਦਰਜ

ਜਲੰਧਰ, 22 ਮਾਰਚ (ਪੋਸਟ ਬਿਊਰੋ)- ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਤੇ ਐੱਸ ਐੱਸ ਪੀ ਨਵਜੋਤ ਸਿੰਘ ਮਾਹਲ ਦੇ ਹੁਕਮਾਂ 'ਤੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੇ ਨੂਰਮਹਿਲ ਵਿੱਚ ਇੱਕ ਦੁਕਾਨਦਾਰ ਨੂੰ ਤੈਅ ਕੀਮਤ ਤੋਂ ਵੱਧ ਉੱਤੇ ਸੈਨੇਟਾਈਜ਼ਰ ਵੇਚਣ ਵਾਲੇ ਦੁਕਾਨਦਾਰ ਅਤੇ 20 ਤੋਂ ਵੱਧ ਲੋਕਾਂ ਨੂੰ ਇਕੱਠੇ ਕਰਨ ਨਾਲ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਇੱਕ ਮੈਰਿਜ ਪੈਲੇਸ ਦੇ ਮਾਲਕ ਨੂੰ ਗ੍ਰਿਫਤਾਰ ਕੀਤਾ ਹੈ।

ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਅਤੇ ਪੁਲਸ ਦੀਆਂ ਟੀਮਾਂ ਨੇ ਨੂਰਮਹਿਲ ਵਿੱਚ ਧੰਧ ਮੈਡੀਕਲ ਸਟੋਰ ਦੇ ਮਾਲਕ ਨੂੰ ਐੱਮ ਆਰ ਪੀ ਤੋਂ ਵੱਧ ਕੀਮਤ 'ਤੇ ਸੈਨੇਟਾਈਜ਼ਰ ਵੇਚੇ ਜਾਣ ਕਾਰਨ ਜ਼ਰੂਰੀ ਵਸਤੂਆਂ ਦੇ ਕਾਨੂੰਨ ਦੀ ਧਾਰਾ 188 ਅਧੀਨ ਕੇਸ ਦਰਜ ਕਰ ਕੇ ਗ੍ਰਿਫਤਾਰ ਕੀਤਾ ਹੈ। ਇਸੇ ਤਰ੍ਹਾਂ ਪੁਲਸ



ਨੇ ਨੂਰਮਹਿਲ ਵਿੱਚ ਚੀਮਾ ਪੈਲੇਸ ਦੇ ਮਾਲਕ ਨੂੰ 20 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਦੀ ਆਗਿਆ ਦੇਣ ਲਈ ਗ੍ਰਿਫਤਾਰ ਕੀਤਾ ਅਤੇ ਉਸ ਦੇ ਖਿਲਾਫ ਧਾਰਾ 188 ਦਾ ਕੇਸ ਦਰਜ ਕੀਤਾ ਹੈ। ਡਿਪਟੀ ਕਮਿਸ਼ਨਰ ਅਤੇ ਜ਼ਿਲਾ ਪੁਲਸ ਮੁਖੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਡਰ ਦੇ ਕਾਰਨ ਜ਼ਰੂਰੀ ਚੀਜ਼ਾਂ ਦਾ ਸਟਾਕ ਇਕੱਠਾ ਨਾ ਕਰਨ, ਕਿਉਂਕਿ ਸਰਕਾਰ ਕੋਲ ਜ਼ਰੂਰੀ ਚੀਜ਼ਾਂ ਦਾ ਸਟਾਕ ਮੌਜੂਦ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੀ ਜਾਂਚ ਅਗਲੇ ਦਿਨਾਂ ਵਿੱਚ ਜਾਰੀ ਰੱਖੀ ਜਾਏਗੀ, ਤਾਂ ਕਿ ਲੋਕਾਂ ਨੂੰ ਜ਼ਰੂਰੀ ਚੀਜ਼ਾਂ ਸਹੀ ਕੀਮਤ 'ਤੇ ਮਿਲਣ।

# ਕੋਰੋਨਾ ਨਾਲ ਆਪਣੀ ਮੌਤ ਦੀ ਝੂਠੀ ਖਬਰ ਸੋਸ਼ਲ ਮੀਡੀਆ ਉੱਤੇ ਪਾ ਕੇ ਟਿਕ-ਟਾਕ ਸਟਾਰ ਫਸੀ

ਖੰਨਾ, 22 ਮਾਰਚ (ਪੋਸਟ ਬਿਊਰੋ)- ਮਿੱਠਾ ਜ਼ਹਿਰ ਨਾਂਅ ਵਾਲੀ ਟਿਕ-ਟਾਕ ਸਟਾਰ ਹਰਮਨਦੀਪ ਕੌਰ ਉਰਫ ਟਵਿੰਕਲ ਪੁੱਤਰੀ ਅਜੀਤ ਸਿੰਘ ਵਾਸੀ ਖੰਨਾ ਨੇ ਕੱਲ੍ਹ ਝੂਠੀ ਸ਼ੋਹਰਤ ਲੈਣ ਦੇ ਉਦੇਸ਼ ਨਾਲ ਸਾਜ਼ਿਸ ਹੇਠ ਆਪਣੀ ਝੂਠੀ ਟਿਕ-ਟਾਕ ਬਣਾ ਕੇ ਖਬਰ ਫੈਲਾ ਦਿੱਤੀ ਕਿ ਕੋਰੋਨਾ ਵਾਇਰਸ ਨਾਲ 21 ਸਾਲਾ ਇਹ ਸਟਾਰ ਦੁਨੀਆ 'ਚ ਨਹੀਂ ਰਹੀ।

ਸੋਸ਼ਲ ਮੀਡੀਆ 'ਤੇ ਇਹ ਸਮਾਚਾਰ ਜੰਗਲ ਦੀ ਅੱਗ ਵਾਂਗ ਫੈਲਿਆ ਤਾਂ ਸ਼ਹਿਰ ਦੇ ਨਾਲ ਪੂਰੇ ਭਾਰਤ 'ਚ ਹਲਚਲ ਮਚ ਗਈ। ਜਦੋਂ ਪੁਲਸ ਉਸ ਲੜਕੀ ਦਾ ਘਰ ਲੱਭ ਕੇ ਉਥੇ ਜਾ ਕੇ ਦਸਤਕ ਦਿੱਤੀ ਤਾਂ ਹਰਮਨਦੀਪ ਕੌਰ ਨੇ ਦੱਸਿਆ ਕਿ ਹੋਰ ਸ਼ੋਹਰਤ ਹਾਸਲ ਕਰਨ ਲਈ ਆਪਣੇ ਸਰਕਲ ਵਿੱਚ ਇਹ ਝੂਠੀ ਵੀਡੀਓ ਪਾਈ ਸੀ। ਮਾਮਲੇ ਦੀ ਗੰਭੀਰਤਾ ਵੇਖ ਕੇ ਪੁਲਸ ਨੇ ਲੜਕੀ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਖਿਲਾਫ ਕੇਸ ਦਰਜ ਕਰ ਦਿੱਤਾ ਹੈ।




ਇਸ ਬਾਰੇ ਐੱਸ ਐੱਚ ਓ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਇਹ ਸਮਾਚਾਰ ਪ੍ਰਕਾਸ਼ਿਤ ਹੋਇਆ ਤਾਂ ਪੁਲਸ ਦੀ ਪ੍ਰੇਸ਼ਾਨੀ ਵਧ ਗਈ, ਕਿਉਂਕਿ ਪੁਲਸ ਦੇ ਨਾਲ ਸਰਕਾਰੀ ਅਫਸਰਾਂ ਦੇ ਵੀ ਇਸ ਬਾਰੇ ਫੋਨ ਆਉਣੇ ਸ਼ੁਰੂ ਹੋ ਗਏ। ਲੜਕੀ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਨੇ ਸ਼ੋਹਰਤ ਹਾਸਲ ਕਰਨ ਲਈ ਏਦਾਂ ਕੀਤਾ ਸੀ। ਸੋਸ਼ਲ ਮੀਡੀਆ ਵਿੱਚ ਖਬਰ ਵਾਇਰਲ ਹੋਣ ਕਾਰਨ ਸ਼ਹਿਰ ਵਿੱਚ ਕੋਈ ਭੂਚਾਲ ਆ ਗਿਆ।

## ਨੌਜਵਾਨ ਨੇ ਕੋਰੋਨਾ ਵਾਇਰਸ ਦੀ ਝੂਠੀ ਵੀਡੀਓ ਸੋਸ਼ਲ ਮੀਡੀਆ ਪਾਈ

ਸੰਦੌੜ, 22 ਮਾਰਚ (ਪੋਸਟ ਬਿਊਰੋ)- ਨਜ਼ਦੀਕੀ ਪਿੰਡ ਮਾਣਕੀ ਵਿਖੇ ਓਦੋਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਪਿੰਡ ਦੇ ਨੌਜਵਾਨ ਪ੍ਰਭਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਨੇ ਕੋਰੋਨਾ ਵਾਇਰਸ ਹੋਣ ਦੀ ਇੱਕ ਵੀਡੀਓ ਬਣਾ ਕੇ ਸੋਸ਼ਲ ਸਾਈਟ 'ਤੇ ਪਾ ਦਿੱਤੀ, ਜਿਸ ਤੋਂ ਬਾਅਦ ਪੂਰੇ ਇਲਾਕੇ ਵਿੱਚ ਹਲਚਲ ਮੱਚ ਗਈ। ਇਸ ਵੀਡੀਓ ਦੇ ਵਾਇਰਲ ਹੋਣ ਪਿੱਛੋਂ ਸਿਹਤ ਵਿਭਾਗ ਵਲੋਂ ਸਿਹਤ ਕੇਂਦਰ ਪੰਜਗਰਾਈਆਂ ਦੀ ਐੱਸ ਐੱਮ ਓ ਡਾਕਟਰ ਅਮਰਜੀਤ ਕੌਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇੱਕ ਟੀਮ ਨੂੰ ਪਿੰਡ ਮਾਣਕੀ ਭੇਜਿਆ। ਇਸ ਟੀਮ ਨੇ ਉਸ ਨੌਜਵਾਨ ਦੇ ਘਰ ਪਹੁੰਚ ਕੇ ਕੀਤੀ ਤਾਂ ਉਸ ਨੌਜਵਾਨ ਵਿੱਚ ਕਿਸੇ ਕਿਸਮ ਦਾ ਲੱਛਣ ਨਹੀਂ ਪਾਇਆ ਗਿਆ। ਮੁੱਢਲੀ ਪੜਤਾਲ ਵਿੱਚ ਪਤਾ ਲੱਗਾ ਕਿ ਉਸ ਨੌਜਵਾਨ ਨੇ ਜਾਣਬੁੱਝ ਕੇ ਵੀਡੀਓ ਬਣਾ ਕੇ ਟਿਕ ਟਾਕ 'ਤੇ ਪਾ ਦਿੱਤੀ ਸੀ ਜਿਸ ਤੋਂ ਬਾਅਦ ਇਹ ਹਜ਼ਾਰਾਂ ਲੋਕਾਂ ਤੱਕ ਪਹੁੰਚ ਗਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਥਾਣਾ ਸੰਦੌੜ ਦੇ ਮੁਖੀ ਕੁਲਵੰਤ ਸਿੰਘ ਵੀ ਮੌਕੇ 'ਤੇ ਪਹੁੰਚ ਗਏ। ਓਥੇ ਉਸ ਨੌਜਵਾਨ ਨੇ ਲੋਕਾਂ ਦੀ ਹਾਜ਼ਰੀ ਵਿੱਚ ਲਿਖਤੀ ਗਲਤੀ ਮੰਨਦੇ ਹੋਏ ਅੱਗੇ ਤੋਂ ਅਜਿਹਾ ਕੁਝ ਨਾ ਕਰਨ ਦੀ ਗੱਲ ਆਖੀ। ਇਸ ਬਾਰੇ ਐੱਸ ਐੱਮ ਓ ਪੰਜਗਰਾਈਆਂ ਡਾਕਟਰ ਅਮਰਜੀਤ ਕੌਰ ਦਾ ਕਹਿਣਾ ਹੈ ਕਿ ਉਕਤ ਨੌਜਵਾਨ ਦੀ ਜਾਂਚ ਕੀਤੀ ਗਈ ਹੈ ਅਤੇ ਵਾਇਰਸ ਦਾ ਕਿਸੇ ਕਿਸਮ ਦਾ ਲੱਛਣ ਉਸ ਅੰਦਰ ਨਹੀਂ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੀ ਅਜਿਹੀਆਂ ਅਫਵਾਹਾਂ ਤੋਂ ਬਚਣ ਦੀ ਬੇਹੱਦ ਜ਼ਰੂਰਤ ਹੈ।

## ਸਸਤਾ ਟਰੈਕਟਰ ਵੇਚਣ ਕਾਰਨ ਪੁੱਤ ਵੱਲੋਂ ਦਿੱਤੇ ਧੱਕੇ ਨਾਲ ਪਿਓ ਦੀ ਮੌਤ

ਬਰੇਟਾ, 22 ਮਾਰਚ (ਪੋਸਟ ਬਿਊਰੋ)- ਟਰੈਕਟਰ ਵੇਚਣ ਕਾਰਨ ਬੋਹਾ ਦੀ ਗਾਦੜਪੱਤੀ ਖੇਤਰ ਵਿੱਚ ਬਾਪ-ਬੇਟੇ ਦੇ ਵਿੱਚ ਹੋਈ ਝੜਪ ਵਿੱਚ ਪਿਤਾ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੇ ਬੇਟੇ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਬੋਹਾ ਪੁਲਸ ਦੇ ਕੋਲ ਦਰਜ ਕਰਵਾਏ ਬਿਆਨ ਵਿੱਚ ਮ੍ਰਿਤਕ ਕਿਸਾਨ ਦਰਸ਼ਨ ਸਿੰਘ (65) ਦੀ ਪਤਨੀ ਰਵਿੰਦਰ ਕੌਰ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਸ ਦੇ ਪਤੀ ਨੇ ਟਰੈਕਟਰ ਵੇਚ ਦਿੱਤਾ ਸੀ। ਇਸ ਨੂੰ ਲੈ ਕੇ ਉਸ ਦਾ ਵੱਡਾ ਬੇਟਾ ਗੁਰਪ੍ਰੀਤ ਸਿੰਘ ਅਕਸਰ ਝਗੜਾ ਕਰਦਾ ਸੀ ਕਿ ਉਨ੍ਹਾਂ ਨੇ ਸਸਤੇ ਭਾਅ ਟਰੈਕਟਰ ਨੂੰ ਵੇਚ ਦਿੱਤਾ ਹੈ ਅਤੇ ਇਸ ਗੱਲ ਬਾਰੇ ਸ਼ੁੱਕਰਵਾਰ ਸ਼ਾਮ ਵੀ ਦੋਵਾਂ ਪਿਓ-ਪੁੱਤ ਵਿੱਚ ਝਗੜਾ ਵਧ ਕੇ ਗੱਲ ਹੱਥੋਪਾਈ ਤੱਕ ਹੋ ਗਈ। ਗੁੱਸੇ ਵਿੱਚ ਬੇਟੇ



ਗੁਰਪ੍ਰੀਤ ਸਿੰਘ ਨੇ ਪਿਤਾ ਨੂੰ ਧੱਕਾ ਦਿੱਤਾ। ਇਸ ਨਾਲ ਦਰਸ਼ਨ ਸਿੰਘ ਨੇੜੇ ਪਈ ਕਣਕ ਦੀ ਬਿਜਾਈ ਕਰਨ ਵਾਲੀ ਮਸ਼ੀਨ ਉਪਰ ਜਾ ਡਿੱਗਾ ਅਤੇ ਉਸ ਦੀ ਛਾਤੀ ਵਿੱਚ ਤਿੱਖੇ ਸਰੀਏ ਧੱਸ ਗਏ। ਜ਼ਖਮੀ ਹਾਲਤ ਵਿੱਚ ਉਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ, ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਪੁਲਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ 'ਤੇ ਦੋਸ਼ੀ ਬੇਟੇ ਗੁਰਪ੍ਰੀਤ ਸਿੰਘ ਦੇ ਖਿਲਾਫ ਕੇਸ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਭਾਰਤ ਵਿੱਚੋਂ ਬੱਚੇ ਦੇ ਦਿਲ ਦਾ ਆਪ੍ਰੇਸ਼ਨ ਕਰਵਾ ਕੇ ਪਾਕਿਸਤਾਨੀ ਪਰਿਵਾਰ ਆਪਣੇ ਦੇਸ਼ ਪਰਤਿਆ

* ਦੋਵਾਂ ਮੁਲਕਾਂ ਨੇ ਬੱਚੇ ਦੀ ਹਾਲਤ ਵੇਖ ਕੇ ਫ਼ੈਸਲਾ ਲਿਆ

ਅੰਮ੍ਰਿਤਸਰ, 22 ਮਾਰਚ (ਪੋਸਟ ਬਿਊਰੋ)- ਆਪਣੇ 12 ਸਾਲਾ ਬੱਚੇ ਸਭੀ ਸ਼ਿਰਾਜ਼ ਦੇ ਦਿਲ ਦਾ ਆਪ੍ਰੇਸ਼ਨ ਕਰਾਉਣ ਲਈ ਪਾਕਿਸਤਾਨ ਤੋਂ ਭਾਰਤ ਆਇਆ ਪਰਵਾਰ ਵਾਪਸੀ ਵੇਲੇ ਪਾਕਿਸਤਾਨ ਸਰਕਾਰ ਵੱਲੋਂ ਅਟਾਰੀ-ਵਾਹਗਾ ਸਰਹੱਦ ਨੂੰ ਬੰਦ ਕਰਨ ਕਰਕੇ ਭਾਰਤ 'ਚ ਇੱਕ ਦਿਨ ਫਸਿਆ ਰਿਹਾ ਸੀ, ਕੱਲ੍ਹ ਆਪਣੇ ਮੁਲਕ ਪਰਤ ਗਿਆ।

ਪਤਾ ਲੱਗਾ ਹੈ ਕਿ ਪਾਕਿਸਤਾਨ ਵਾਪਸ ਪਰਤਣ ਤੋਂ ਪਹਿਲਾਂ ਸਭੀ ਸ਼ਿਰਾਜ਼, ਉਸ ਦੇ ਪਿਤਾ ਅਤੇ ਮਾਂ ਸਾਇਮਾ ਦੇ ਬਾਰੇ ਭਾਰਤ-ਪਾਕਿ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਸਾਂਝਾ ਫ਼ੈਸਲਾ ਲਿਆ ਅਤੇ ਉਨ੍ਹਾਂ ਨੂੰ ਵਾਪਸ ਜਾਣ ਦੀ ਮਨਜ਼ੂਰੀ ਦੇ ਕੇ ਇੱਕ ਮਹੱਤਵ ਪੂਰਨ



ਜ਼ਿੰਮੇਵਾਰੀ ਨਿਭਾਈ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ ਨੇ ਕੋਰੋਨਾ ਵਾਇਰਸ ਫੈਲਣ ਤੋਂ ਰੋਕਣ ਲਈ ਭਾਰਤ ਨਾਲ ਲਗਦੀ ਵਾਹਗਾ ਸਰਹੱਦ 14 ਦਿਨਾਂ ਲਈ ਬੰਦ ਕਰ ਦਿੱਤੀ ਹੈ। ਪਾਕਿਸਤਾਨ ਵੱਲੋਂ ਜਾਰੀ ਨੋਟੀਫ਼ਿਕੇਸ਼ਨ 'ਚ ਕਿਹਾ ਗਿਆ ਹੈ ਕਿ ਸਰੱਹਦ ਬੰਦ ਕਰਨ ਦਾ ਇਹ ਫ਼ੈਸਲਾ ਪਾਕਿ ਦੇ ਨਾਲ-ਨਾਲ ਭਾਰਤ ਦੇ ਹਿਤ 'ਚ ਹੈ। ਇਹ ਹੁਕਮ ਪਰਸੋਂ ਤੋਂ ਲਾਗੂ ਕੀਤਾ ਗਿਆ ਸੀ। ਪਾਕਿਸਤਾਨ ਸਰਕਾਰ ਦੇ ਇਨ੍ਹਾਂ ਆਦੇਸ਼ਾਂ ਕਾਰਨ ਜਿਹੜੇ ਪਾਕਿ ਨਾਗਰਿਕ ਵੀਜ਼ਾ ਲੈ ਕੇ ਭਾਰਤ ਆਏ ਸਨ ਅਤੇ ਜਿਨ੍ਹਾਂ ਦਾ ਵੀਜ਼ਾ ਸਮਾਪਤ ਹੋ ਚੁੱਕਾ ਹੈ, ਉਨ੍ਹਾਂ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ। ਇਸੇ ਤਰ੍ਹਾਂ ਪਾਕਿ ਗਏ ਭਾਰਤੀ ਯਾਤਰੂਆਂ ਲਈ ਵੀ ਵਾਪਸ ਆਉਣਾ ਔਖਾ ਹੋ ਗਿਆ ਹੈ। ਸਭੀ ਸ਼ਿਰਾਜ਼ ਦੇ ਪਰਵਾਰ ਨੇ ਮੀਡੀਆ ਦੇ ਰਾਹੀਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਪਾਕਿਸਤਾਨ ਜਾਣ ਦੀ ਆਗਿਆ ਦਿੱਤੀ ਜਾਵੇ। ਪਰਵਾਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੇ ਭਾਰਤੀ ਡਾਕਟਰਾਂ ਦੀ ਬਦੌਲਤ ਦਿਲ ਦੀ ਅਤਿ ਜ਼ੋਖ਼ਮ ਵਾਲੀ ਲੜਾਈ ਜਿੱਤ ਲਈ ਹੈ, ਪਰ ਕੋਰੋਨਾ ਕਾਰਨ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੱਚੇ ਸ਼ਿਰਾਜ਼ ਦੇ ਪਿਤਾ ਨੇ ਦੱਸਿਆ ਕਿ ਉਹ ਆਪਣੇ ਬੇਟੇ ਦਾ ਦਿਲ ਦਾ ਆਪ੍ਰੇਸ਼ਨ ਕਰਵਾਉਣ ਲਈ 18 ਫਰਵਰੀ ਨੂੰ ਭਾਰਤ ਆਏ ਸਨ।



## ਵੇਟ ਲਿਫਟਰ ਮੀਰਾਂ ਬਾਈ ਚਾਨੂੰ ਦਾ ਉਲੰਪਿਕ ਖੇਡਣਾ ਤੈਅ



ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਚੱਲਦਿਆਂ ਵੇਟ ਲਿਫਟਰ ਦਾ ਉਲੰਪਿਕ ਕੁਆਲੀਫਾਇੰਗ ਟਾਈਮ ਟੇਬਲ ਭਾਵੇਂ ਅੱਗੇ-ਪਿੱਛੇ ਹੋ ਗਿਆ, ਪਰ ਭਾਰਤ ਦੀ ਮੀਰਾਂਬਾਈ ਚਾਨੂੰ ਦਾ ਟੋਕੀਓ 'ਚ ਖੇਡਣਾ ਤੈਅ ਹੈ, ਜਦ ਕਿ ਯੁਵਾ ਜੈਰੇਮੀ ਲਾਲਰਿਨੂੰਗਾ ਵੀ ਕੁਅਲੀਫਾਈ ਕਰ ਸਕਦੀ ਹੈ।

ਸਾਬਕਾ ਵਿਸ਼ਵ ਚੈਂਪੀਅਨ ਮੀਰਾਬਾਈ ਚਾਨੂੰ ਇਸ ਸਮੇਂ ਔਰਤਾਂ ਦੇ 49 ਕਿੱਲੋ ਵਿਸ਼ਵ ਰੈਂਕਿੰਗ ਵਿੱਚ ਤੀਜੇ ਸਥਾਨ 'ਤੇ ਹੈ। ਆਖ਼ਰੀ ਕੁਆਲੀਫਾਇੰਗ ਟੂਰਨਾਮੈਂਟ ਏਸ਼ਿਆਈ ਚੈਂਪੀਅਨਸ਼ਿਪ ਕੋਰੋਨਾ ਵਾਇਰਸ ਦੇ ਕਾਰਨ ਰੱਦ ਹੋ ਗਿਆ ਸੀ। ਨਵੇਂ ਕੁਆਲੀਫ਼ਿਕੇਸ਼ਨ ਨਿਯਮਾਂ ਹੇਠ ਉਸ ਨੇ ਜ਼ਰੂਰੀ ਛੇ ਵਿੱਚੋਂ ਪੰਜ ਟੂਰਨਾਮੈਂਟ 'ਚ ਭਾਗ ਲੈ ਲਿਆ ਹੈ। ਅੰਤਰਰਾਸ਼ਟਰੀ ਵੇਟ ਲਿਫਟਰ ਫੈਡਰੇਸ਼ਨ ਦੇ ਕਾਰਜਕਾਰੀ ਬੋਰਡ ਦੀ 17 ਅਤੇ 18 ਮਾਰਚ ਨੂੰ ਵੀਡੀਓ ਕਾਨਫਰਸਿੰਗ ਰਾਹੀਂ ਹੋਈ ਬੈਠਕ 'ਚ ਆਈ ਓ ਸੀ ਨੂੰ ਉਲੰਪਿਕ ਕੁਆਲੀਫਾਇੰਗ ਟੂਰਨਾਮੈਂਟਾਂ ਦੀ ਜਾਣਕਾਰੀ ਦਿੱਤੀ। ਸੂਤਰਾਂ ਨੇ ਕਿਹਾ ਕਿ ਇਸ 'ਚ ਇਹ ਕਿਹਾ ਗਿਆ ਹੈ ਕਿ ਕੋਰੋਨਾ ਵਾਇਰਸ ਕਾਰਨ ਪੰਜਾਂ ਉਪ ਮਹਾਂਦੀਪਾਂ ਦੀ ਚੈਂਪੀਅਨਸ਼ਿਪ ਰੱਦ ਹੋਣ ਨਾਲ ਕੁਆਲੀਫਿਕੇਸ਼ਨ ਪ੍ਰਕਿਰਿਆ ਬੰਦ ਕੀਤੀ ਜਾ ਸਕਦੀ ਹੈ। ਇਸ ਦਾ ਭਾਵ ਹੈ ਕਿ ਮੌਜੂਦਾ ਵਿਸ਼ਵ ਰੈਂਕਿੰਗ ਨਾਲ ਉਲੰਪਿਕ ਕੁਆਲੀਫਿਕੇਸ਼ਨ ਸਥਾਨ ਤੈਅ ਹੋਣਗੇ। ਆਈ ਓ ਸੀ ਅੰਤਰਰਾਸ਼ਟਰੀ ਵੇਟ ਲਿਫਟਰ ਫੈਡਰੇਸ਼ਨ ਦੇ ਸੁਝਾਵਾਂ 'ਤੇ ਅੰਮਿਤ ਫ਼ੈਸਲਾ ਲਵੇਗਾ।

## ਵਿਦੇਸ਼ੋਂ ਆਇਆ ਦਿੱਲੀ ਗੁਰਦੁਆਰਾ ਕਮੇਟੀ ਦਾ ਅਧਿਕਾਰੀ ਬਿਨਾਂ ਜਾਂਚ ਕੰਮ ਲੱਗ ਗਿਆ

*** ਕੰਮ ਛੁਡਾ ਕੇ ਫਿਰ ਆਈਸੋਲੇਸ਼ਨ ਲਈ ਘਰ ਭੇਜਿਆ ਗਿਆ**

ਨਵੀਂ ਦਿੱਲੀ, 22 ਮਾਰਚ, (ਪੋਸਟ ਬਿਊਰੋ)- ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਲੋਕਾਂ ਨੂੰ ਖਤਰਨਾਕ ਕੋਰੋਨਾ ਵਾਇਰਸ ਤੋਂ ਬਚਣ ਦੀ ਅਪੀਲ ਕਰ ਰਹੇ ਹਨ, ਪਰ ਉਨ੍ਹਾਂ ਦਾ ਇੱਕ ਅਧਿਕਾਰੀ (ਸੁਪਰਡੈਂਟ) ਵਿਦੇਸ਼ ਯਾਤਰਾ ਤੋਂ ਆ ਕੇ ਬਿਨਾਂ ਜਾਂਚ ਕਰਵਾਏ ਸਿੱਧਾ ਕੰਮ ਕਰਨ ਲੱਗ ਪਿਆ ਤੇ ਉਸ ਨੇ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਵੀ ਮੁਲਾਕਾਤ ਕੀਤੀ। ਇਸ ਦੌਰਾਨ ਉਹ ਦੋ ਦਿਨਾਂ ਤਕ ਮਾਤਾ ਸੁੰਦਰੀ ਕਾਲਜ ਵਿੱਚ ਡਿਊਟੀ ਕਰਦਾ ਰਿਹਾ ਅਤੇ ਕਾਲਜ ਦੇ ਕਈ ਕਰਮਚਾਰੀਆਂ ਨਾਲ ਮੁਲਾਕਾਤ ਵੀ ਕੀਤੀ ਹੈ।



ਇਸ ਦਾ ਖੁਲਾਸਾ ਹੋਣ ਨਾਲ ਸਮੁੱਚੇ ਗੁਰਦੁਆਰਾ ਕਮੇਟੀ ਮੁੱਖ ਦਫਤਰ ਅਤੇ ਮਾਤਾ ਸੁੰਦਰੀ ਕਾਲਜ ਵਿੱਚ ਹਲਚਲ ਮੱਚ ਗਈ ਹੈ। ਜਿਨ੍ਹਾਂ ਕਰਮਚਾਰੀਆਂ ਨੇ ਇਸ ਸੁਪਰਡੈਂਟ ਨਾਲ ਮੀਟਿੰਗ ਕੀਤੀ ਸੀ, ਉਹ ਡਰ ਗਏ ਹਨ ਤੇ ਆਪਣੀ ਜਾਂਚ ਕਰਾਉਣ ਲਈ ਦੌੜ ਰਹੇ ਹਨ। ਕੇਸ ਦਾ ਰੌਲਾ ਪੈਣ ਤੋਂ ਬਾਅਦ ਗੁਰਦ-ਆਰਾ ਕਮੇਟੀ ਨੇ ਸੁਪਰਡੈਂਟ ਗੁਰਮੀਤ ਸਿੰਘ ਨੂੰ ਕੰਮ ਤੋਂ ਹਟਾ ਦਿੱਤਾ ਅਤੇ ਪਤਾ ਲੱਗਾ ਹੈ ਕਿ ਛੁੱਟੀ ਦੇ ਕੇ ਡਾਕਟਰੀ ਜਾਂਚ ਹੋਣ ਪਿੱਛੋਂ ਡਿਊਟੀ ਉੱਤੇ ਆਉਣ ਨੂੰ ਕਿਹਾ ਹੈ। ਇਸ ਦੌਰਾਨ ਨਿਯਮਾਂ ਦੇ ਉਸ ਨੂੰ 14 ਦਿਨ ਆਪਣੇ ਘਰ ਰਹਿਣਾ ਪਵੇਗਾ। ਇਹ ਸੁਪਰਡੈਂਟ 17 ਮਾਰਚ ਨੂੰ ਇੰਗਲੈਂਡ ਤੋਂ ਦਿੱਲੀ ਆਇਆ ਅਤੇ ਇਕ ਦਿਨ ਬਾਅਦ ਉਸ ਨੇ ਡਿਊਟੀ ਜੁਆਇਨ ਕਰ ਲਈ ਸੀ।

## ਨਿਰਭੈਆ ਕੇਸ ਦੇ ਦੋਸ਼ੀ ਵਿਨੈ ਨੂੰ ਜੇਲ੍ਹ ਵਿੱਚ ਨਿਯਮ ਤੋੜਨ ਦੀ ਸਭ ਤੋਂ ਵੱਧ ਸਜ਼ਾ ਮਿਲੀ

ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਨਿਰਭੈਆ ਸਮੂਹਿਕ ਬਲਾਤਕਾਰ ਅਤੇ ਕਤਲ ਕੇਸ 'ਚ ਫਾਂਸੀ ਲਾਏ ਜਾ ਚੁੱਕੇ ਚਾਰ ਦੋਸ਼ੀਆਂ ਚੋਂ 26 ਸਾਲਾ ਵਿਨੈ ਸ਼ਰਮਾ ਨੂੰ ਜੇਲ੍ਹ ਦੇ ਨਿਯਮ ਤੋੜਨ 'ਤੇ ਸਭ ਤੋਂ ਵੱਧ ਸਜ਼ਾ ਮਿਲੀ ਸੀ।

ਵਰਨਣ ਯੋਗ ਹੈ ਕਿ ਵਿਨੈ ਸ਼ਰਮਾ ਨੂੰ ਤਿੰਨ ਹੋਰ ਦੋਸ਼ੀਆਂ ਅਕਸ਼ੈ ਸਿੰਘ (31), ਮੁਕੇਸ਼ ਸਿੰਘ (32) ਅਤੇ ਪਵਨ ਗੁਪਤਾ (25) ਨਾਲ ਸ਼ੁੱਕਰਵਾਰ ਸਵੇਰੇ ਤਿਹਾੜ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਤਿਹਾੜ ਜੇਲ੍ਹ ਵਿੱਚ ਵਿਨੈ ਪੇਂਟਿੰਗ ਸਿੱਖ ਰਿਹਾ ਸੀ ਅਤੇ ਉਸ ਨੂੰ ਸੱਤ ਸਾਲਾਂ ਵਿੱਚ



11 ਵਾਰੀ ਨਿਯਮ ਤੋੜਨ ਲਈ ਸਜ਼ਾ ਮਿਲੀ ਸੀ, ਪਵਨ ਨੂੰ ਅੱਠ ਵਾਰੀ, ਮੁਕੇਸ਼ ਨੂੰ ਤਿੰਨ ਵਾਰੀ ਤੇ ਅਕਸ਼ੈ ਨੂੰ ਇੱਕ ਵਾਰੀ ਨਿਯਮ ਤੋੜਨ ਲਈ ਬੀਤੇ ਸੱਤ ਸਾਲਾਂ ਵਿੱਚ ਸਜ਼ਾ ਮਿਲੀ। ਅਧਿਕਾਰੀ ਨੇ ਦੱਸਿਆ ਕਿ ਛੋਟੀ-ਮੋਟੀ ਲੜਾਈ ਅਤੇ ਪਰਵਾਰ ਨਾਲ ਮੁਲਾਕਾਤ ਸਮੇਂ 'ਚ ਕਟੌਤੀ ਅਤੇ ਗੰਭੀਰ ਪਰੇਸ਼ਾਨ ਪੈਦਾ ਕਰਨ 'ਤੇ ਬੈਰਕ ਬਦਲਣ ਵਰਗੀ ਸਜ਼ਾ ਦਿੱਤੀ ਗਈ। 2015 ਵਿੱਚ ਉਸ ਨੇ ਇੱਕ ਸਾਲ ਦੇ ਕੋਰਸ 'ਚ ਦਾਖਲਾ ਲਿਆ, ਪਰ ਪੂਰਾ ਨਹੀਂ ਕੀਤਾ। ਅਗਲੇ ਸਾਲ ਉਸ ਨੇ ਮੁਕੇਸ਼, ਪਵਨ ਅਤੇ ਅਕਸ਼ੈ ਨਾਲ ਦਸਵੀਂ ਜਮਾਤ ਵਿੱਚ ਦਾਖਲਾ ਲਿਆ ਤੇ ਇਮਤਿਹਾਨ 'ਚ ਸ਼ਾਮਲ ਹੋਇਆ, ਪਰ ਪਾਸ ਨਾ ਹੋ ਸਕਿਆ। ਅਧਿਕਾਰੀ ਨੇ ਕਿਹਾ ਕਿ ਜੇਲ੍ਹ ਵਿੱਚ ਕੰਮ ਕਰ ਕੇ ਵਿਨੈ ਨੇ 39 ਹਜ਼ਾਰ ਰੁਪਏ, ਅਕਸ਼ੈ ਨੇ 69 ਹਜ਼ਾਰ ਰੁਪਏ ਅਤੇ ਪਵਨ ਨੇ 29 ਹਜ਼ਾਰ ਰੁਪਏ ਕਮਾਏ ਸਨ।

## ਸਤਲੁਜ ਅਤੇ ਬਿਆਸ ਵਿੱਚ ਚੰਬਲ ਦੇ 50 ਘੜਿਆਲ ਛੱਡੇ ਜਾਣਗੇ

***ਸਤਲੁਜ ਅਤੇ ਬਿਆਸ ਵਿੱਚ ਚੰਬਲ ਦੇ 50 ਘੜਿਆਲ ਛੱਡੇ ਜਾਣਗੇ**



ਮੁਰੈਨਾ, 22 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਤਲੁਜ ਅਤੇ ਬਿਆਸ ਦਰਿਆ 'ਚ 50 ਹੋਰ ਘੜਿਆਲਾਂ ਨੂੰ ਵਸਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਭਾਰਤ ਸਰਕਾਰ ਦੇ ਵਣ ਅਤੇ ਵਾਤਾਵਰਣ ਮੰਤਰਾਲੇ ਦੇ ਆਦੇਸ਼ ਅਨੁਸਾਰ ਮੱਧ ਪ੍ਰਦੇਸ਼ ਦੇ ਵਣ ਵਿਭਾਗ ਨੇ 25 ਘੜਿਆਲ ਪੰਜਾਬ ਨੂੰ ਭੇਜ ਦਿੱਤੇ ਹਨ ਅਤੇ 25 ਹੋਰ ਬਾਅਦ ਵਿੱਚ ਭੇਜੇ ਜਾਣਗੇ।

ਵਰਨਣ ਯੋਗ ਹੈ ਕਿ ਲਗਾਤਾਰ ਦੋ ਸਾਲਾਂ ਤੋਂ ਚੰਬਲ ਨਦੀ ਦੇ ਘੜਿਆਲਾਂ ਨੂੰ ਪੰਜਾਬ ਦੇ ਇਨ੍ਹਾਂ ਦਰਿਆਵਾਂ ਵਿੱਚ ਛੱਡਿਆ ਜਾ ਰਿਹਾ ਹੈ। ਪਿਛਲੇ ਯਤਨਾਂ ਵਿੱਚ ਸਫਲਤਾ ਮਿਲਣ ਪਿੱਛੋਂ ਕੇਂਦਰ ਸਰਕਾਰ ਨੇ ਘੜਿਆਲਾਂ ਦੀ ਇੱਕ ਨਵੀਂ ਖੇਪ ਭੇਜਣ ਨੂੰ ਕਿਹਾ ਸੀ। ਦੁਨੀਆ ਵਿੱਚ ਘੜਿਆਲਾਂ ਦਾ ਸਭ ਤੋਂ ਵੱਡਾ ਘਰ ਚੰਬਲ ਹੈ। ਇਸ ਦੇ ਸਾਫ਼ ਪਾਣੀ ਵਿੱਚ ਇਹ ਕਾਫ਼ੀ ਵਧੇ ਹਨ। ਕੁਝ ਸਮਾਂ ਪਹਿਲਾਂ ਮਾਹਰਾਂ ਨੇ ਕੇਂਦਰੀ ਵਣ ਤੇ ਵਾਤਾਵਰਣ ਮੰਤਰ-ਾਲੇ ਨੂੰ ਸਲਾਹ ਦਿੱਤੀ ਸੀ ਕਿ ਚੰਬਲ ਵਰਗੀ ਭੂਗੋਲਿਕ ਸਥਿਤੀ ਵਾਲੀਆਂ ਨਦੀਆਂ ਵਿੱਚ ਏਥੋਂ ਘੜਿਆਲ ਲਿਜਾ ਕੇ ਉਨ੍ਹਾਂ ਦੀ ਗਿਣਤੀ ਵਿੱਚ ਵਾਧਾ ਕਰਨਾ ਚਾਹੀਦਾ ਹੈ ਤਾਂ ਕਿ ਦੂਜੀ ਦੁਨੀਆ ਵਿੱਚ ਵੀ ਇਹ ਘੜਿਆਲ ਸੁਰੱਖਿਅਤ ਰਹਿ ਸਕਣ। ਇਹੀ ਕਾਰਨ ਹੈ ਕਿ ਭਾਰਤ ਸਰਕਾਰ ਨੇ ਬੀਤੇ ਸਾਲ ਪੰਜਾਬ ਵਣ ਵਿਭਾਗ ਨੂੰ ਸਤਲੁਜ ਤੇ ਬਿਆਸ ਦਰਿਆ ਲਈ 50 ਘੜਿਆਲ ਦਿੱਤੇ ਸਨ ਅਤੇ ਇਸ ਵਾਰ ਫਿਰ 50 ਹੋਰ ਘੜਿਆਲ ਉਥੇ ਭੇਜ ਗਏ ਹਨ। ਪੰਜਾਬ ਭੇਜੇ ਗਏ ਘੜਿਆਲ ਸਾਲ 2018 ਵਿੱਚ ਈਕੋ ਸੈਂਟਰ ਦੇਵਰੀ ਵਿੱਚ ਜੰਮੇ ਸਨ। ਇਸ ਸਾਲ ਜੰਮੇ 181 ਘੜਿਆਲਾਂ ਵਿੱਚੋਂ 25 ਦੇ ਜਾਣ ਪਿੱਛੋਂ ਇਸ ਬੈਚ ਦੇ 156 ਘੜਿਆਲ ਬਾਕੀ ਹਨ। ਇਨ੍ਹਾਂ ਵਿੱਚੋਂ ਵੀ 25 ਪੰਜਾਬ ਲਈ ਰਾਖਵੇਂ ਹੋਣਗੇ। ਮੁਰੈਨਾ ਦੇ ਵਣ ਵਿਭਾਗ ਦੇ ਇੰਚਾਰਜ ਬਰਜੇਂਦਰ ਝਾਅ ਨੇ ਦੱਸਿਆ ਕਿ ਕੱਲ੍ਹ ਸ਼ਾਮ ਪੰਜਾਬ ਤੋਂ ਆਏ ਵਣ ਮੁਲਾਜ਼ਮਾਂ ਅਤੇ ਡਾਕਟਰਾਂ ਨੂੰ ਤਿੰਨ ਨਰ ਅਤੇ 22 ਮਾਦਾ ਘੜਿਆਲ ਸੌਂਪੇ ਗਏ ਹਨ।

## ਮੱਧ ਪ੍ਰਦੇਸ਼ ਦੇ 22 ਬਾਗੀ ਹੋਏ ਕਾਂਗਰਸ ਵਿਧਾਇਕ ਭਾਜਪਾ ਵਿੱਚ ਜਾ ਰਲੇ



ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿਧਾਨ ਸਭਾ ਤੋਂ ਅਸਤੀਫਾ ਦੇਣ ਅਤੇ ਕਾਂਗਰਸੀ ਮੁੱਖ ਮੰਤਰੀ ਕਮਲ ਨਾਥ ਦੀ ਸਰਕਾਰ ਨੂੰ ਡੇਗਣ ਵਾਲੇ 22 ਬਾਗੀ ਵਿਧਾਇਕ ਕੱਲ੍ਹ ਭਾਜਪਾ 'ਚ ਸ਼ਾਮਲ ਹੋ ਗਏ।

ਭਾਜਪਾ ਦੇ ਜਨਰਲ ਸਕੱਤਰ ਕੈਲਾਸ਼ ਵਿਜੈਵਰਗੀ ਨੇ ਦੱਸਿਆ ਕਿ ਇਹ ਬਾਗੀ ਜਿਓਤਿਰਦਿਤਿਆ ਸਿੰਧੀਆ ਨਾਲ ਭਾਜਪਾ ਦੇ ਪ੍ਰਧਾਨ ਜੇ ਪੀ ਨੱਢਾ ਨੂੰ ਮਿਲੇ ਸਨ, ਜਿਨ੍ਹਾਂ ਨੇ ਪਾਰਟੀ ਵਿੱਚ ਸ਼ਾਮਲ ਹੋਣ ਦੇ ਉਨ੍ਹਾਂ ਦੇ ਫੈਸਲੇ ਦਾ ਸਵਾਗਤ ਕੀਤਾ। ਸੰਭਾਵਨਾ ਹੈ ਕਿ ਭਾਜਪਾ ਉਨ੍ਹਾਂ ਦੇ ਅਸਤੀਫੇ ਤੋਂ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਉਪ ਚੋਣਾਂ ਵਿੱਚ ਉਨ੍ਹਾਂ ਨੂੰ ਚੋਣ ਮੈਦਾਨ ਵਿੱਚ ਉਤਾਰੇਗੀ। ਸਿੰਧੀਆ ਦੇ ਹਮਾਇਤੀ ਸਮਝੇ ਜਾਂਦੇ ਇਨ੍ਹਾਂ ਵਿਧਾਇਕਾਂ ਨੇ ਨੱਢਾ ਨਾਲ ਉਨ੍ਹਾਂ ਦੇ ਘਰ ਭੇਟ ਕੀਤੀ। ਵਿਧਾਨ ਸਭਾ ਦੇ ਸਪੀਕਰ ਨੇ ਇਨ੍ਹਾਂ ਵਿਧਾਇਕਾਂ 'ਚੋਂ 16 ਦਾ ਅਸਤੀਫਾ ਵੀਰਵਾਰ ਮਨਜ਼ੂਰ ਕਰ ਲਿਆ ਸੀ। ਜਦੋਂ ਸਪੱਸ਼ਟ ਹੋ ਗਿਆ ਕਿ ਕਮਲ ਨਾਥ ਸਰਕਾਰ ਆਪਣਾ ਬਹੁਮਤ ਗੁਆ ਬੈਠੀ ਹੈ ਤਾਂ ਅਗਲੇ ਦਿਨ ਮੁੱਖ ਮੰਤਰੀ ਕਮਲਨਾਥ ਨੇ ਅਸਤੀਫੇ ਦਾ ਐਲਾਨ ਕੀਤਾ ਸੀ। ਵਿਧਾਨ ਸਭਾ ਸਪੀਕਰ ਉਨ੍ਹਾਂ 'ਚੋਂ ਛੇ ਦਾ ਅਸਤੀਫਾ ਪਹਿਲਾਂ ਹੀ ਮਨਜ਼ੂਰ ਕਰ ਚੁੱਕੇ ਸਨ। ਸਾਬਕਾ ਕੇਂਦਰੀ ਮੰਤਰੀ ਸਿੰਧੀਆ ਪਿਛਲੇ ਦਿਨੀਂ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸਨ।

## ਗਾਰਡ ਨੂੰ ਗੋਲੀ ਮਾਰ ਕੇ ਬੈਂਕ ਤੋਂ 11.85 ਲੱਖ ਲੁੱਟੇ

ਮੁਜ਼ੱਫਰਪੁਰ, 22 ਮਾਰਚ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਗਊ ਘਾਟ ਥਾਣਾ ਦੇ ਮੈਠੀ ਐਕਸਿਸ ਬੈਂਕ ਦੇ ਗਾਰਡ ਨੂੰ ਗੋਲੀ ਮਾਰ ਕੇ ਦੋਸ਼ੀਆਂ ਨੇ 11.85 ਲੱਖ ਕੈਸ਼ ਲੁੱਟ ਲਿਆ। ਦੋ ਬਾਇਕ ਉੱਤੇ ਸਵਾਰ ਹੋ ਕੇ ਬੈਂਕ ਗਏ ਤੇ ਪੰਜ ਦੋਸ਼ੀਆਂ ਨੇ ਛੇ ਮਿੰਟ ਤੱਕ ਬੈਂਕ ਦੇ ਅੰਦਰ ਲੁਟਪਾਟ ਕੀਤੀ। ਲੁਟ ਦੇ ਦੌਰਾਨ ਕੈਸ਼ ਕਾਊਂਟਰ ਖੋਲਣ ਨਾਲ ਕੈਸ਼ੀਅਰ ਦੇ ਮਨ੍ਹਾ ਕਰਨ 'ਤੇ ਫਾਇਰਿੰਗ ਕਰ ਕੇ ਸ਼ੀਸ਼ਾ ਤੋੜ ਦਿੱਤਾ ਸੀ। ਲੁਟੇਰਿਆਂ ਨੇ ਬੈਂਕ ਕਰਮਚਾਰੀ ਸੁਨੀਲ ਕੁਮਾਰ ਦੇ ਸਿਰ 'ਤੇ ਪਿਸਟਲ ਦੇ ਬਟ ਨਾਲ ਮਾਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਰਕਮ ਲੈ ਕੇ ਦੌੜ ਗਏ।

ਮੈਡੀਕਲ ਕਾਲਜ ਹਸਪਤਾਲ ਵਿੱਚ ਭਰਤੀ ਹੋਏ ਗਾਰਡ ਮਿਠੂ ਕੁਮਾਰ ਦੇ ਮੁਤਾਬਕ ਸਵਾ ਇੱਕ ਵਜੇ ਬੈਂਕ ਗੇਟ 'ਤੇ ਇੱਕ ਕਸਟਮਰ ਦੇ ਪਿੱਛੇ ਦੋ ਨੌਜਵਾਨ ਪਹੁੰਚੇ। ਪੱਛਗਿੱਛ ਕਰਨ 'ਤੇ ਉਨ੍ਹਾਂ ਨੇ ਧੱਕਾ ਦੇ ਕੇ ਬੈਂਕ ਦੇ ਅੰਦਰ ਕਰ ਦਿੱਤਾ ਅਤੇ ਰਿਲੇਸ਼ਨਸ਼ਿਪ ਮੈਨੇਜਰ ਸੁਧਾਂਸ਼ੂ ਕੁਮਾਰ ਨੂੰ ਕਬਜ਼ੇ ਵਿੱਚ ਕਰ ਲਿਆ। ਫਿਰ ਕੈਸ਼ ਕਾਊਂਟਰ ਦਾ ਸ਼ੀਸ਼ਾ ਤੋੜ ਦਿੱਤਾ ਅਤੇ ਮੇਰੇ ਪੇਟ ਵਿੱਚ ਗੋਲੀ ਮਾਰ ਦਿੱਤੀ। ਕਰੀਬ ਛੇ ਮਿੰਟ ਲੁੱਟ ਕਰਨ ਦੇ ਬਾਅਦ ਹਥਿਆਰ ਲਹਰਾਉਂਦੇ ਹੋਏ ਲੁਟੇਰੇ ਭੱਜ ਨਿਕਲੇ।

## ਭਰੋਸੇ ਦੇ ਵੋਟ ਤੋਂ ਪਹਿਲਾਂ ਕਮਲਨਾਥ ਵੱਲੋਂ ਅਸਤੀਫ਼ੇ ਦਾ ਐਲਾਨ

ਭੋਪਾਲ, 22 ਮਾਰਚ, (ਪੋਸਟ ਬਿਊਰੋ)- ਪਿਛਲੇ ਕਈ ਦਿਨਾਂ ਤੋਂ ਗਰਮਾਈ ਹੋਈ ਮੱਧ ਪ੍ਰਦੇਸ਼ ਦੀ ਰਾਜਨੀਤੀ ਮੁੱਖ ਮੰਤਰੀ ਕਮਲਨਾਥ ਦੇ ਅਸਤੀਫ਼ੇ ਤੋਂ ਬਾਅਦ ਅੱਜ ਨਵੇਂ ਦੌਰ ਵਿੱਚ ਦਾਖਲ ਹੋ ਗਈ ਹੈ।

ਵਰਨਣ ਯੋਗ ਹੈ ਕਿ ਇਸ ਦੇਸ਼ ਵਿਚ ਕਈ ਦਿਨਾਂ ਤੋਂ ਮੱਧ ਪ੍ਰਦੇਸ਼ ਦੀ ਰਾਜਨੀਤੀ ਬਾਰੇ ਚਰਚੇ ਚੱਲ ਰਹੇ ਸਨ ਅਤੇ ਇਸ ਦੌਰਾਨ ਇਸ ਰਾਜ ਦਾ ਮਾਮਲਾ ਸੁਪਰੀਮ ਕੋਰਟ ਵੀ ਚਲਾ ਗਿਆ ਸੀ। ਅੱਜ ਸ਼ੁੱਕਰਵਾਰ ਸ਼ਾਮ ਕਮਲਨਾਥ ਸਰਕਾਰ ਨੇ ਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਲੈਣਾ ਸੀ। ਉਸ ਤੋਂ ਪਹਿਲਾਂ ਕਮਲਨਾਥ ਨੇ ਪ੍ਰੈਸ ਕਾਨਫਰੰਸ ਕਰ ਕੇ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਮੱਧ ਪ੍ਰਦੇਸ਼ ਕਾਂਗਰਸ ਦੇ ਵਿਧਾਇਕਾਂ ਦੀ ਮੀਟਿੰਗ ਮਗਰੋਂ ਕਮਲਨਾਥ ਪ੍ਰੈਸ ਕਾਨਫਰੰਸ ਕਰਨ ਪਹੁੰਚੇ ਤਾਂ ਉਨ੍ਹਾਂ ਨੇ ਭਾਜਪਾ ਉੱਤੇ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਰਾਜ ਦੀ ਜਨਤਾ ਨੇ ਪੰਜ ਸਾਲ ਸਰਕਾਰ ਚਲਾਉਣ ਲਈ ਮੈਨੂੰ ਬਹੁਮਤ ਦਿੱਤਾ ਸੀ, ਭਾਜਪਾ ਨੇ ਸੂਬੇ ਦੀ ਜਨਤਾ ਨਾਲ ਧੋਖਾ ਕੀਤਾ ਹੈ।

## ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਦੇ ਬਹਾਨੇ 100 ਕਰੋੜ ਦੀ ਧੋਖਾਧੜੀ




ਕੋਲਕਾਤਾ, 22 ਮਾਰਚ (ਪੋਸਟ ਬਿਊਰੋ)- ਬੰਗਾਲ ਵਿੱਚ ਮੁਰਸ਼ਿਦਾਬਾਦ ਜ਼ਿਲੇ ਦੇ ਬਹਿਰਾਮਪੁਰ ਇਲਾਕੇ ਵਿੱਚ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਦੇ ਨਾਂਅ 'ਤੇ ਲੋਕਾਂ ਤੋਂ ਕਰੀਬ 100 ਕਰੋੜ ਰੁਪਏ ਦੀ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ। ਠੱਗੇ ਗਏ ਲੋਕਾਂ ਦੀ ਸ਼ਿਕਾਇਤ 'ਤੇ ਪੈਰੀਓ ਫਾਈਨੈਂਸ਼ੀਅਲ ਐਡਵਾਇਜ਼ਰੀ ਸਰਵਿਸਿਜ਼ ਨਾਂਅ ਦੀ ਕੰਪਨੀ ਦੇ ਖਿਲਾਫ ਬਹਰਮਪੁਰ ਥਾਣੇ ਵਿੱਚ ਐੱਫ ਆਈ ਆਰ ਦਰਜ ਕੀਤੀ ਗਈ ਹੈ।

ਪਤਾ ਲੱਗਾ ਹੈ ਕਿ ਕੰਪਨੀ ਨੇ ਬਹਿਰਾਮਪੁਰ ਵਿੱਚ ਵੱਖ-ਵੱਖ ਥਾਵਾਂ 'ਤੇ ਦਫਤਰ ਖੋਲ੍ਹ ਕੇ ਲੋਕਾਂ ਤੋਂ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਕਰ ਕੇ ਵਧੀਆ ਰਿਟਰਨ ਦੀ ਉਗਰਾਹੀ ਕੀਤੀ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੰਪਨੀ ਦੇ ਚਾਰਾਂ ਡਾਇਰੈਕਟਰਾਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਕੰਪਨੀ ਦੇ ਕਈ ਦਸਤਾਵੇਜ਼ ਵੀ ਜ਼ਬਤ ਕੀਤੇ ਗਏ ਹਨ। ਪੈਰੀਓ ਫਾਈਨੈਂਸ਼ੀਅਲ ਐਡਵਾਇਜ਼ਰੀ ਸਰਵਿਸਿਜ਼ ਕੰਪਨੀ 2012 ਵਿੱਚ ਖੋਲ੍ਹੀ ਗਈ ਸੀ। ਸਾਲਟਲੇਕ ਵਿੱਚ ਇਸ ਦਾ ਮੁੱਖ ਦਫਤਰ ਹੈ। ਨਿਵੇਸ਼ਕਾਂ ਨੂੰ ਕਿਹਾ ਗਿਆ ਸੀ ਕਿ ਸ਼ੇਅਰ ਉਨ੍ਹਾਂ ਦੇ ਨਾਂਅ 'ਤੇ ਖਰੀਦੇ ਜਾਣਗੇ ਅਤੇ ਉਨ੍ਹਾਂ ਨੂੰ ਹਰ ਮਹੀਨੇ ਰੁਪਏ ਦਿੱਤੇ ਜਾਣਗੇ। ਕੰਪਨੀ ਤੋਂ ਰੁਪਏ ਦੀ ਉਗਰਾਹੀ ਲਈ ਬਹੁਤ ਸਾਰੇ ਏਜੰਟਾਂ ਦੀ ਨਿਯੁਕਤੀ ਕੀਤੀ ਗਈ ਸੀ। ਜਾਂਚ ਵਿੱਚ ਪਤਾ ਲੱਗਾ ਹੈ ਕਿ ਲੋਕਾਂ ਦੇ ਰੁਪਏ ਨਾਲ ਸ਼ੇਅਰ ਨਹੀਂ ਖਰੀਦੇ ਗਏ, ਸਗੋਂ ਉਸ ਰੁਪਏ ਨੂੰ ਕੰਪਨੀ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤਾ ਗਿਆ। ਕੰਪਨੀ ਦੇ ਡਾਇਰੈਕਟਰਾਂ ਨੇ ਉਨ੍ਹਾਂ ਰੁਪਿਆਂ ਨਾਲ ਵੱਖ-ਵੱਖ ਥਾਵਾਂ 'ਤੇ ਆਪਣੇ ਨਾਂਅ ਤੋਂ ਨਿਵੇਸ਼ ਕੀਤਾ ਹੈ। ਇਕੱਲੇ ਬਹਰਮਪੁਰ ਤੋਂ ਹੀ ਕੰਨਪੀ ਨੇ ਕਰੀਬ 100 ਕਰੋੜ ਰੁਪਏ ਦੀ ਉਗਰਾਹੀ ਕੀਤੀ ਹੈ। ਹੋਰਨਾਂ ਜ਼ਿਲਿਆਂ ਵਿੱਚ ਵੀ ਉਨ੍ਹਾਂ ਦੇ ਖਿਲਾਫ ਰੁਪਏ ਦੀ ਉਗਰਾਹੀ ਕਰਨ ਦੀ ਸ਼ਿਕਾਇਤ ਕੀਤੀ ਗਈ ਹੈ।

## ਮੁੱਕੇਬਾਜ਼ ਮੈਰੀ ਕਾਮ ਨੇ ਕੋਰੋਨਾ ਬਾਰੇ ਚੌਕਸੀ ਪ੍ਰੋਟੋਕਾਲ ਤੋੜਿਆ

ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸੰਸਾਰ ਪ੍ਰਸਿੱਧ ਮੁੱਕੇਬਾਜ਼ ਅਤੇ ਰਾਜ ਸਭਾ ਮੈਂਬਰ ਐਮ ਸੀ ਮੈਰੀਕਾਮ ਵਿਵਾਦਾਂ ਵਿੱਚ ਫਸਦੀ ਦਿਖਾਈ ਦੇ ਰਹੀ ਹੈ। ਮੈਰੀਕਾਮ ਨੇ ਮਹਾਮਾਰੀ ਦਾ ਰੂਪ ਲੈ ਕੇ ਚੁੱਕੇ ਕੋਰੋਨਾ ਵਾਇਰਸ 'ਤੇ ਆਇਸੋਲੇਸ਼ਨ ਦਾ ਪ੍ਰੋਟੋਕਾਲ ਤੋੜਿਆ ਹੈ।



ਸਿਹਤ ਸੁਰੱਖਿਆ ਨਾਲ ਜੁੜਿਆ ਪ੍ਰੋਟੋਕਾਲ ਤੋੜ ਕੇ ਮੈਰੀਕਾਮ ਸਿੱਧਾ ਰਾਸ਼ਟਰਪਤੀ ਭਵਨ ਪੁੱਜੀ। ਪਿਛਲੇ ਦਿਨੀਂ ਓਦੋਂ ਉਹ ਜਾਰਡਨ ਵਿੱਚ ਏਸ਼ੀਆ-ਓਸੀਆਨਾ ਓਲੰਪਿਕ ਕੁਆਲੀਫਾਈਰਜ਼ ਖੇਡ ਕੇ ਆਈ ਸੀ। ਮੈਰੀਕਾਮ ਨੂੰ ਚੌਕਸੀ ਦੇ ਲਈ 14 ਦਿਨ ਵੱਖ ਰੱਖਿਆ ਜਾਣਾ ਸੀ, ਪਰ 18 ਮਾਰਚ ਨੂੰ ਉਹ ਰਾਸ਼ਟਰਪਤੀ ਭਵਨ ਦੇ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਈ ਸੀ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਇਸ ਦਿਨ ਉੱਤਰ ਪ੍ਰਦੇਸ਼ ਤੇ ਰਾਜਸਥਾਨ ਤੋਂ ਆਉਂਦੇ ਪਾਰਲੀਮੈਂਟ ਮੈਂਬਰਾਂ ਨੂੰ ਸੱਦਾ ਦਿੱਤਾ ਸੀ। ਇਸ ਪ੍ਰੋਗਰਾਮ ਵਿੱਚ ਮੈਰੀਕਾਮ ਵੀ ਸੀ। ਰਾਸ਼ਟਰਪਤੀ ਦੇ ਅਧਿਕਾਰਕ ਟਵਿੱਟਰ ਹੈਂਡਲ 'ਤੇ ਜਾਰੀ ਇਸ ਪ੍ਰੋਗਰਾਮ ਦੀਆਂ ਤਸਵੀਰਾਂ ਵਿੱਚ ਮੈਰੀਕਾਮ ਸਾਫ ਦੇਖੀ ਜਾ ਸਕਦੀ ਹੈ। ਉਹ 13 ਮਾਰਚ ਨੂੰ ਭਾਰਤ ਮੁੜੀ ਅਤੇ ਇਸ ਤਰ੍ਹਾਂ 27 ਮਾਰਚ ਤੋਂ ਪਹਿਲਾਂ ਉਨ੍ਹਾਂ ਨੂੰ ਜਨਤਕ ਪ੍ਰੋਗਰਾਮਾਂ ਜਾਂ ਆਮ ਲੋਕਾਂ ਵਿੱਚ ਨਹੀਂ ਜਾਣਾ ਚਾਹੀਦਾ ਸੀ। ਪ੍ਰੋਗਰਾਮ ਵਿੱਚ ਭਾਜਪਾ ਦੇ ਪਾਰਲੀਮੈਂਟ ਮੈਂਬਰ ਦੁਸ਼ਿਅੰਤ ਸਿੰਘ ਵੀ ਸਨ, ਜੋ ਇਸ ਤੋਂ ਪਹਿਲਾਂ ਕੋਰੋਨਾ ਵਾਇਰਸ ਪੀੜਤ ਗਾਇਕਾ ਕਨਿਕਾ ਕਪੂਰ ਦੀ ਪਾਰਟੀ ਵਿੱਚ ਮੌਜੂਦ ਸਨ। ਉਨ੍ਹਾਂ ਦੀ ਕੋਰੋਨਾ ਟੈਸਟ ਦੀ ਰਿਪੋਰਟ ਨੈਗੇਟਿਵ ਆ ਗਈ ਹੈ।

ਮੈਰੀਕਾਮ ਨੇ ਜਾਰਡਨ ਵਿੱਚ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਕੇ ਦੂਜੀ ਵਾਰ ਆਪਣਾ ਓਲੰਪਿਕ ਦਾ ਟਿਕਟ ਪੱਕਾ ਕੀਤਾ ਹੈ। ਇਸ ਟੂਰਨਾਮੈਂਟ ਤੋਂ ਪਹਿਲਾਂ ਉਹ ਭਾਰਤੀ ਮੁੱਕੇਬਾਜ਼ੀ ਟੀਮ ਨਾਲ ਟਰੇਨਿੰਗ ਲਈ ਇਟਲੀ ਵੀ ਗਈ ਸੀ।

## ਸਿਉਂਕ ਮਾਰਨ ਲਈ ਕਰਵਾਏ ਸਪਰੇਅ ਨਾਲ ਕਮਰੇ ਵਿੱਚ ਸੁੱਤੀਆਂ ਮਾਂ-ਧੀ ਦੀ ਮੌਤ

ਇੰਦੌਰ, 22 ਮਾਰਚ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਰੈਡੀਮੇਡ ਗਾਰਮੈਂਟ ਵਪਾਰੀ ਦੇ ਘਰ ਵਿੱਚ ਦਿਲ ਪਰਵਾਰ ਨੇ ਇੱਕ ਕਮਰੇ ਵਿੱਚ ਫੈਲਦੀ ਸਿਉਂਕ ਨੂੰ ਖ਼ਤਮ ਕਰਨ ਲਈ ਪੈਸਟ ਕੰਟ੍ਰੋਲ ਕਰਵਾ ਕੇ ਬੰਦ ਕਰ ਦਿੱਤਾ। ਦੂਸਰੇ ਦਿਨ ਕਾਰੋਬਾਰੀ ਦੀ ਪਤਨੀ ਢਾਈ ਸਾਲ ਦੀ ਬੇਟੀ ਨਾਲ ਕਮਰੇ ਵਿੱਚ ਏ ਸੀ ਚਾਲੂ ਕਰ ਕੇ ਸੌਂ ਗਈ। ਦਰਵਾਜ਼ੇ ਦੇ ਥੱਲੇ ਦੀ ਗੈਪ ਨਾਲ ਕੈਮੀਕਲ ਦੀ ਜ਼ਹਿਰੀਲੀ ਗੈਸ ਨਿਕਲ ਕੇ ਦੋਵਾਂ ਦੀ ਸਾਹ ਰਾਹੀਂ ਅੰਦਰ ਗਈ ਅਤੇ ਦੋਵਾਂ ਨੇ ਦਮ ਤੋੜ ਦਿੱਤਾ। ਕਮਰੇ ਵਿੱਚ ਸੁੱਤੇ ਮਹਿਲਾ ਦੇ ਪਤੀ ਅਤੇ ਦੂਸਰੇ ਕਮਰੇ ਵਿੱਚ ਸੁੱਤੇ ਦੇਵਰ-ਦੇਵਰਾਣੀ ਦੀ ਹਾਲਤ ਗੰਭੀਰ ਹੈ।

ਮਿਲੀ ਜਾਣਕਾਰੀ ਅਨੁਸਾਰ 35 ਸਾਲ ਰੇਸ਼ਮਾ ਪਤੀ ਸ਼ਾਦਾਬ ਸ਼ੇਖ ਅਤੇ ਉਨ੍ਹਾਂ ਦੀ ਢਾਈ ਸਾਲਾ ਬੇਟੀ ਆਇਸ਼ਾ ਦੀ ਮੌਤ ਹੋ ਗਈ ਹੈ। ਰੇਸ਼ਮਾ ਦਾ ਪਤੀ ਸ਼ਾਦਾਬ (38), ਦੇਵਰ ਇਰਫਾਨ



(30) ਅਤੇ ਦੇਵਰਾਣੀ ਸ਼ਾਇਨਾ (28) ਹਸਪਤਾਲ ਵਿੱਚ ਭਰਤੀ ਹਨ। ਇਰਫਾਨ ਨੇ ਦੱਸਿਆ ਕਿ ਦੂਸਰੀ ਮੰਜ਼ਲ ਦੇ ਇੱਕ ਕਮਰੇ ਦੇ ਫਰਨੀਚਰ ਵਿੱਚ ਸਿਓਂਕ ਲੱਗ ਗਈ ਸੀ। ਇਸ ਨੂੰ ਮਾਰਨ ਅਸੀਂ ਦੋ ਦਿਨ ਪਹਿਲਾ ਪੈਸਟ ਕੰਟ੍ਰੋਲ ਕਰਾਉਣ ਦੇ ਬਾਅਦ ਉਸ ਕਮਰੇ ਨੂੰ ਬੰਦ ਕਰ ਦਿੱਤਾ ਸੀ।

ਡਾਕਟਰਾਂ ਦਾ ਕਹਿਣਾ ਹੈ ਕਿ ਪੈਸਟ ਕੰਟ੍ਰੋਲ ਵਿੱਚ ਜ਼ਹਿਰ ਹੁੰਦਾ ਹੈ। ਜਿਸ ਕਮਰੇ ਵਿੱਚ ਪੈਸਟ ਕੰਟ੍ਰੋਲ ਕਰਾਉਣਾ ਹੈ, ਉਸ ਵਿੱਚ ਤਿੰਨ-ਚਾਰ ਦਿਨ ਤੱਕ ਨਹੀਂ ਜਾਣਾ ਚਾਹੀਦਾ, ਉਸ ਨੂੰ ਖੁਲ੍ਹਾ ਛੱਡ ਦੇਣਾ ਚਾਹੀਦਾ ਹੈ।

## ਵਪਾਰੀ ਨੂੰ ਸੋਨੇ ਦੀ ਨਕਲੀ ਇੱਟ ਫੜਾ ਕੇ ਮਹੰਤ ਨੇ ਸਾਥੀਆਂ ਨਾਲ ਮਿਲ ਕੇ 86 ਲੱਖ ਠੱਗੇ

ਕਰਨਾਲ, 22 ਮਾਰਚ (ਪੋਸਟ ਬਿਊਰੋ)- ਸੋਨੇ ਦੀ ਇੱਟ ਦੇਣ ਦਾ ਝਾਂਸਾ ਦੇ ਕੇ ਇੱਕ ਦੁਕਾਨਦਾਰ ਦੇ ਨਾਲ 86 ਲੱਖ ਦੀ ਠੱਗੀ ਹੋਈ ਹੈ। ਕਰਨਾਲ ਪੁਲਸ ਨੇ ਦੋਸ਼ੀ ਮਹੰਤ ਸਵਾਮੀ ਪ੍ਰਸ਼ਾਂਤ ਪੁਰੀ ਪਿਹੋਵਾ, ਡਾਕਟਰ ਨਾਂਅ ਦਾ ਨੌਜਵਾਨ, ਨਰੇਸ਼ ਉਰਫ ਰਾਜੇਸ਼ ਵਾਸੀ ਪਿੰਡ ਧਨੌਰਾ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਅਰਜਨ ਨਗਰ ਦੇ ਵਪਾਰੀ ਸੰਨੀ ਨੇ ਸ਼ਿਕਾਇਤ ਦਿੱਤੀ ਹੈ ਕਿ ਉਸ ਦੇ ਪਿਤਾ ਸਤੀਸ਼ ਕੁਮਾਰ ਦੁਕਾਨਦਾਰ ਹਨ। ਮਹੰਤ ਪੁਰੀ ਤੇ ਉਸ ਦੇ ਸਾਥੀਆਂ ਨੇ ਉਸ ਨੂੰ ਆਪਣੇ ਝਾਂਸੇ ਵਿੱਚ ਲੈ ਲਿਆ ਤੇ ਪੰਜ ਅਕਤੂਬਰ 2019 ਨੂੰ ਮਹੰਤ ਪ੍ਰਸ਼ਾਂਤ ਅਤੇ ਰਾਜੇਸ਼ ਕੁਮਾਰ ਅਤੇ ਡਾਕਟਰ ਆਈ-20 ਕਾਰ ਵਿੱਚ ਉਸ ਦੇ ਘਰ ਆਏ। ਉਸ ਨੇ ਘਰ 'ਚੋਂ 86 ਲੱਖ ਰੁਪਏ ਲਏ ਅਤੇ ਉਨ੍ਹਾਂ ਦੇ ਨਾਲ ਕਾਰ ਵਿੱਚ ਬੈਠ ਕੇ ਚਲੇ ਗਏ। ਦੋਸ਼ੀ ਉਸ ਨੂੰ ਘਰੌਂਡਾ ਸਾਈਡ ਲੈ ਕੇ




ਗਏ। ਜੀ ਟੀ ਰੋਡ ਉੱਤੇ ਇੱਕ ਮੁਸਲਿਮ ਵਿਅਕਤੀ ਤੋਂ ਸੋਨੇ ਦੀ ਇੱਟ ਲੈ ਕੇ ਉਸ ਨੂੰ ਦਿਖਾਈ। ਉਨ੍ਹਾਂ ਨੇ ਉਸ ਨੂੰ ਨਸ਼ੀਲੀ ਦਵਾਈ ਵੀ ਪਿਲਾਈ ਤੇ ਉਸ ਕੋਲੋਂ 86 ਲੱਖ ਰੁਪਏ ਲੈ ਕੇ ਉਸ ਮੁਸਲਮਾਨ ਨੌਜਵਾਨ ਨੂੰ ਦਿੱਤੇ ਅਤੇ ਸੋਨੇ ਦੀ ਇੱਟ ਲੈ ਲਈ। ਦੋਸ਼ੀਆਂ ਨੇ ਕਿਹਾ ਕਿ ਇਸ ਨੂੰ ਅਸੀਂ ਵੇਚਣ ਚੰਡੀਗੜ੍ਹ ਜਾਵਾਂਗੇ। ਜਦ ਉਹ ਸਾਰੇ ਲਾਲੜੂ ਦੇ ਨੇੜੇ ਪਹੁੰਚੇ ਤਾਂ ਨਰੇਸ਼ ਉਰਫ ਰਾਜੇਸ਼ ਨੇ ਸੋਨੇ ਦੀ ਇੱਟ ਲਈ ਅਤੇ ਦੇਖ ਕੇ ਬੋਲਿਆ ਇਹ ਨਕਲੀ ਹੈ। ਇਹ ਸੁਣ ਕੇ ਉਹ ਹੈਰਾਨ ਹੋ ਗਿਆ। ਰਾਜੇਸ਼ ਅਤੇ ਡਾਕਟਰ ਨੇ ਕਿਸੇ ਨੰਬਰ ਤੋਂ ਫੋਨ 'ਤੇ ਗੱਲ ਕੀਤੀ ਅਤੇ ਫਿਰ ਕਾਰ ਵਾਪਸ ਮੋੜ ਲਈ। ਵਾਪਸ ਘਰੌਂਡਾ ਵੱਲ ਗਏ ਤੇ ਦੋਬਾਰਾ ਉਸ ਮੁਸਲਿਮ ਨੌਜਵਾਨ ਨੂੰ ਮਿਲੇ ਉਸ ਨੂੰ ਇੱਟ ਦਿਖਾਈ ਤਾਂ ਉਸ ਨੇ ਕਿਹਾ, ਤੁਹਾਨੂੰ ਨਵੀਂ ਇੱਟ ਲਿਆ ਕੇ ਦੇ ਦਿਆਂਗਾ। ਦੋਸ਼ੀਆਂ ਨੇ ਨਾ ਪੈਸੇ ਦਿੱਤੇ ਅਤੇ ਨਾ ਇੱਟ ਦਿੱਤੀ। ਇਸ ਬਾਰੇ ਪੁਲਸ ਨੇ ਕੇਸ ਦਰਜ ਕਰ ਲਿਆ ਹੈ।

# ਕੋਰੋਨਾ ਦੇ ਖਿਲਾਫ ਕੰਮ ਕਰਦੀਆਂ ਨਰਸਾਂ ਨੂੰ ਲੋਕਾਂ ਤੋਂ ਮਿਲਦੀਆਂ ਗਾਲ੍ਹਾਂ ਤੇ ਕੁੱਟਮਾਰ



ਲੰਡਨ, 22 ਮਾਰਚ (ਪੋਸਟ ਬਿਊਰੋ)- ਇਕ ਪਾਸੇ ਅੱਧੀ ਦੁਨੀਆ ਕੋਰੋਨਾ ਵਾਇਰਸ ਦੇ ਕਾਰਨ ਘਰਾਂ ਵਿਚ ਬੰਦ ਰਹਿਣ ਨੂੰ ਮਜਬੂਰ ਹੈ, ਦੂਸਰੇ ਪਾਸੇ ਡਾਕਟਰ ਅਤੇ ਮੈਡੀਕਲ ਸਟਾਫ ਆਪਣੀ ਜਾਨ ਖਤਰੇ ਵਿਚ ਪਾ ਕੇ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ। ਉਨ੍ਹਾਂ ਦੀ ਰਾਤ-ਦਿਨ ਦੀ ਇਸ ਮਿਹਨਤ ਉੱਤੇ ਸਵਾਲ ਕਰਨ ਵਾ-ਲਿਆਂ ਦੀ ਕਮੀ ਨਹੀਂ ਹੈ।

ਕੋਰੋਨਾ ਵਾਇਰਸ ਨਾਲ ਪੀੜਤ ਮਰੀਜ਼ਾਂ ਦਾ ਇਲਾਜ ਕਰਦੀਆਂ ਬ੍ਰਿਟੇਨ ਦੀਆਂ ਨਰਸਾਂ ਨੂੰ ਲੋਕਾਂ ਤੋਂ ਸਨਮਾਨ ਦੀ ਥਾਂ ਗਾਲ੍ਹਾਂ ਮਿਲਦੀਆਂ ਹਨ। ਲੋਕ ਇਨ੍ਹਾਂ ਨਰਸਾਂ ਨੂੰ ਬੀਮਾਰੀ ਫੈਲਾਉਣ ਵਾਲਾ ਕਹਿੰਦੇ ਹਨ। ਬ੍ਰਿਟੇਨ ਵਿਚ ਅੱਜ ਤੱਕ ਕੋਰੋਨਾ ਵਾਇਰਸ ਦੇ 5018 ਕੇਸ ਸਾਹਮਣੇ ਆਏ ਹਨ ਤੇ 233 ਲੋਕਾਂ ਦੀ ਮੌਤ ਹੋ ਚੁੱਕੀ ਹੈ। ਰਾਇਲ ਕਾਲਜ ਆਫ ਨਰਸਿੰਗ ਦੇ ਮੁਤਾਬਕ ਨਰਸਾਂ ਨੂੰ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਕਈਆਂ ਉੱਤੇ ਥੁੱਕਿਆ ਵੀ ਗਿਆ। ਲੋਕ ਇਨਫੈਕਟਿਡ ਮਰੀਜ਼ਾਂ ਦਾ ਇਲਾਜ ਕਰਨ ਲਈ ਇਨ੍ਹਾਂ ਨਰਸਾਂ ਨੂੰ ਬੀਮਾਰੀ ਫੈਲਾਉਣ ਵਾਲਾ ਆਖਦੇ ਹਨ।

ਟ੍ਰੇਡ ਯੂਨੀਅਨ ਦੀ ਡਾਇਰੈਕਟਰ ਸੂਜ਼ਨ ਮਾਸਟਰਸ ਨੇ ਦੱਸਿਆ ਕਿ ਨੈਸ਼ਨਲ ਹੈਲਥ ਸਰਵੀਸਿਜ਼ ਦੇ ਸਟਾਫ ਨੇ ਇਸ ਦੀ ਸ਼ਿਕਾਇਤ ਦਿੱਤੀ ਤੇ ਇਸ ਤਰ੍ਹਾਂ ਦੇ ਵਰਤਾਓ ਨੂੰ ਰੋਕਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਨਰਸਾਂ ਇਸ ਵੇਲੇ ਬੜੀ ਮੁਸ਼ਕਲ ਸਥਿਤੀ ਵਿਚ ਸਮਾਜ ਦੀ ਸੇਵਾ ਕਰ ਰਹੀਆਂ ਹਨ, ਜਿਸ ਮੌਕੇ ਉਹ ਆਪਣਾ ਧਿਆਨ ਨਾ ਰੱਖਦੇ ਹੋਏ ਲੋਕਾਂ ਦੀ ਜ਼ਿੰਦਗੀ ਬਚਾਉਣ ਲੱਗੀਆਂ ਹੋਈਆਂ ਹਨ। ਸੂਜ਼ਨ ਦਾ ਕਹਿਣਾ ਹੈ ਕਿ ਜਦੋਂ ਹਰ ਕੋਈ ਮਰੀਜ਼ਾਂ ਤੋਂ ਦੂਰੀ ਰੱਖਦਾ ਹੈ, ਉਦੋਂ ਇਹ ਨਰਸਾਂ ਉਨ੍ਹਾਂ ਕੋਲ ਜਾਂਦੀਆਂ ਅਤੇ ਉਨ੍ਹਾਂ ਦਾ ਖਿਆਲ ਰੱਖਦੀਆਂ ਹਨ। ਲੋਕਾਂ ਨੂੰ ਸਮਝਣਾ ਹੋਵੇਗਾ ਕਿ ਇਸ ਵੇਲੇ ਨਰਸਾਂ ਸਮਾਜ ਲਈ ਹਮੇਸ਼ਾ ਤੋਂ ਵੀ ਕਿੰਨੀਆਂ ਵੱਧ ਜ਼ਰੂਰੀ ਹਨ।

ਬ੍ਰਿਟੇਨ ਦੀ ਚੀਫ ਨਰਸ ਰੂਥ ਮੇਅ ਨੇ ਨਰਸਾਂ ਉੱਤੇ ਥੁੱਕਣ ਦੀ ਘਟਨਾਵਾਂ ਦਾ ਪਤਾ ਲੱਗਣ ਦੀ ਗੱਲ ਮੰਨੀ ਹੈ। ਇਕ ਨਰਸ ਨੇ ਪਿਛਲੇ ਹਫਤੇ ਫੇਸਬੁੱਕ ਉੱਤੇ ਵੀਡੀਓ ਪੋਸਟ ਕਰ ਕੇ ਦੱਸਿਆ ਕਿ ਕੰਮ ਤੋਂ ਮੁੜਦੇ ਹੋਏ ਇਕ ਜੋੜੇ ਨੇ ਉਸ ਨੂੰ ਗਾਲ੍ਹਾਂ ਦਿੱਤੀਆਂ ਅਤੇ ਕੁੱਟਮਾਰ ਕੀਤੀ। ਮੈਟ੍ਰੋ ਅਖਬਾਰ ਦੇ ਮੁਤਾਬਕ ਮੈਡੀਕਲ ਸਟਾਫ ਲੋਕਾਂ ਨੂੰ ਡਾਕਟਰਾਂ ਤੇ ਨਰਸਾਂ ਦੀ ਸਪੋਰਟ ਕਰਨ ਦੀ ਅਪੀਲ ਕਰ ਰਿਹਾ ਹੈ। ਉਨ੍ਹਾਂ ਦੀ ਲੋੜ ਦੇਸ਼ ਨੂੰ ਇਸ ਮੁਸ਼ਕਲ ਘੜੀ ਵਿਚ ਕਿਤੇ ਵੱਧ ਹੈ। ਬ੍ਰਿਟੇਨ ਵਿਚ ਕੋਰੋਨਾ ਵਾਇਰਸ ਨਾਲ ਹਾਲਾਤ ਚਿੰਤਾ ਜਨਕ ਹਨ।

# ਈਰਾਨ ਨੇ ਬਿਮਾਰੀ ਦੇ ਖਿਲਾਫ ਅਮਰੀਕਾ ਵੱਲੋਂ ਮਦਦ ਦੀ ਪੇਸ਼ਕਸ਼ ਠੁਕਰਾਈ





ਦੁਬਈ, 22 ਮਾਰਚ (ਪੋਸਟ ਬਿਊਰੋ)- ਈਰਾਨ ਦੇ ਸਰਬ ਉੱਚ ਨੇਤਾ ਆਇਤੁੱਲਾ ਅਲੀ ਖੋਮੈਨੀ ਨੇ ਕੋਰੋਨਾ ਵਾਇਰਸ ਦੇ ਕਹਿਰ ਨਾਲ ਲੜਨ ਲਈ ਅਮਰੀਕਾ ਦੀ ਮਦਦ ਦੀ ਪੇਸ਼ਕਸ਼ ਠੁਕਰਾ ਦਿੱਤੀ ਹੈ। ਖੋਮੈਨੀ ਦੇ ਅਨੁਸਾਰ ਹੋ ਸਕਦਾ ਹੈ ਕਿ ਇਹ ਵਾਇਰਸ ਅਮਰੀਕਾ ਨੇ ਪੈਦਾ ਕੀਤਾ ਹੋਵੇ।

ਵਰਨਣ ਯੋਗ ਹੈ ਕਿ ਇਰਾਨ ਦੇ ਵਿਵਾਦ ਗ੍ਰਸਤ ਐਟਮੀ ਪ੍ਰੋਗਰਾਮ ਬਾਰੇ ਅਮਰੀਕਾ ਨੇ ਈਰਾਨ ਉੱਤੇ ਕੱਚੇ ਤੇਲ ਦੀ ਵਿਕਰੀ ਸਮੇਤ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਰੱਖੀਆਂ ਹਨ, ਜਿਨ੍ਹਾਂ ਦੇ ਕਾਰਨ ਈਰਾਨ ਨੂੰ ਆਰਥਿਕ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟੀ ਵੀ ਉੱਤੇ ਭਾਸ਼ਣ ਦੌਰਾਨ ਖੋਮੈਨੀ ਨੇ ਕਿਹਾ ਕਿ ਅਮਰੀਕਾ ਸਾਡਾ ਕੱਟੜ ਦੁਸ਼ਮਣ ਹੈ। ਹੋ ਸਕਦਾ ਹੈ ਕਿ ਉਸ ਦੀ ਦਵਾਈ ਵਾਇਰਸ ਨੂੰ ਹੋਰ ਫੈਲਾ ਦੇਵੇ। ਜੇ ਉਹ ਡਾਕਟਰ ਅਤੇ ਥੈਰੇਪਿਸਟ ਭੇਜਦਾ ਹੈ ਤਾਂ ਉਹ ਆ ਕੇ ਇਹ ਦੇਖਣਗੇ ਕਿ ਵਾਇਰਸ ਦਾ ਪ੍ਰਭਾਵ ਕਿੰਨਾ ਹੈ, ਕਿਉਂਕਿ ਕਿਹਾ ਜਾਂਦਾ ਹੈ ਕਿ ਵਾਇਰਸ ਦਾ ਇਕ ਹਿੱਸਾ ਈਰਾਨ ਲਈ ਬਣਾਇਆ ਗਿਆ ਹੈ। ਖੋਮੈਨੀ ਨੇ ਆਪਣੇ ਬਿਆਨ ਦੇ ਨਾਲ ਕਿਸੇ ਵਿ-ਗਿਆਨਕ ਤੱਥ ਦਾ ਹਵਾਲਾ ਨਹੀਂ ਦਿੱਤਾ, ਪ੍ਰੰਤੂ ਉਨ੍ਹਾਂ ਦੀ ਇਸ ਟਿੱਪਣੀ ਨੂੰ ਇਸ ਮਹੀਨੇ ਦੇ ਸ਼ੁਰੂ ਵਿਚ ਚੀਨ ਸਰਕਾਰ ਦੇ ਬੁਲਾਰੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਚੀਨ ਸਰਕਾਰ ਦੇ ਬੁਲਾਰੇ ਲਿਜ਼ਆਨ ਝਾਓ ਨੇ ਟਵੀਟ ਕਰ ਕੇ ਕਿਹਾ ਸੀ ਕਿ ਇਹ ਹੋ ਸਕਦਾ ਹੈ ਕਿ ਵੂਹਾਨ ਵਿਚ ਅਮਰੀਕੀ ਫ਼ੌਜ ਇਸ ਵਾਇਰਸ ਨੂੰ ਲਿਆਈ ਹੋਵੇ। ਉਨ੍ਹਾਂ ਨੇ ਵੀ ਆਪਣੇ ਦਾਅਵਿਆਂ ਦੇ ਸਮਰਥਨ ਦਾ ਕੋਈ ਸਬੂਤ ਨਹੀਂ ਸੀ ਦਿੱਤਾ। ਉਨ੍ਹਾਂ ਦੀ ਇਸ ਟਿੱਪਣੀ ਉੱਤੇ ਅਮਰੀਕਾ ਨੇ ਸਖ਼ਤ ਇਤਰਾਜ਼ ਕੀਤਾ ਸੀ ਤੇ ਚੀਨ ਦੇ ਰਾਜਦੂਤ ਨੂੰ ਤਲਬ ਕਰ ਕੇ ਸਖ਼ਤ ਰੋਸ ਦਰਜ ਕਰਾਇਆ ਸੀ। ਵੂਹਾਨ ਉਹ ਸ਼ਹਿਰ ਹੈ, ਜਿੱਥੇ ਵਾਇਰਸ ਦਾ ਸਭ ਤੋਂ ਪਹਿਲਾਂ ਪਤਾ ਲੱਗਾ ਸੀ।



# ਮਹਾਰਾਣੀ ਦੇ ਸਹਾਇਕ ਦਾ ਕੋਰੋਨਾ ਵਾਇਰਸ ਟੈਸਟ ਪਾਜ਼ੀਟਿਵ ਨਿਕਲਿਆ



ਲੰਡਨ, 22 ਮਾਰਚ (ਪੋਸਟ ਬਿਊਰੋ)- ਕੁਈਨ ਐਲਿਜ਼ਾਬੈੱਥ ਦੇ ਬਕਿੰਘਮ ਪੈਲੇਸ ਵਿਚ ਕੰਮ ਕਰਨ ਵਾਲੇ ਇਕ ਸ਼ਾਹੀ ਸਹਿਯੋਗੀ ਦਾ ਕੋਰੋਨਾ ਵਾਇਰਸ ਟੈਸਟ ਪਾਜ਼ੀਟਿਵ ਨਿਕਲਿਆ ਹੈ। ਮਹਾਰਾਣੀ ਨੂੰ ਪਹਿਲਾਂ ਹੀ ਇਸ ਮਹਿਲ ਦੀ ਥਾਂ ਦੂਰ ਵਿੰਡਸਰ ਪੈਲਸ ਵਿਚ ਸ਼ਿਫਟ ਕਰ ਦਿੱਤਾ ਗਿਆ ਸੀ।

ਅੰਗਰੇਜ਼ੀ ਅਖਬਾਰ 'ਦ ਸਨ' ਦੇ ਮੁਤਾਬਕ ਸ਼ਨੀਵਾਰ ਸ਼ਾਹੀ ਸਹਿਯੋਗੀ ਦੀ ਸਿਹਤ ਖਰਾਬ ਹੋਣ ਤੋਂ ਬਾਅਦ ਉਸ ਦਾ ਟੈਸਟ ਕੀਤਾ ਗਿਆ ਤਾਂ ਰਿਪੋਰਟ ਪਾਜ਼ੀਟਿਵ ਆਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਦੇ ਸੰਪਰਕ ਵਿਚ ਆਉਣ ਵਾਲੇ ਸਾਰੇ ਲੋਕਾਂ ਨੂੰ ਸੈਲਫ ਆਈਸੋਲੇਸ਼ਨ ਵਿਚ ਰੱਖਿਆ ਗਿਆ ਹੈ। ਇਸ ਗੱਲ ਦੀ ਜਾਣਕਾਰੀ ਨਹੀਂ ਮਿਲ ਸਕੀ ਕਿ ਇਹ ਵਿਅਕਤੀ ਮਹਾਰਾਣੀ ਦੇ ਕਿੰਨਾ ਸੰਪਰਕ ਵਿਚ ਸੀ। ਅ'ਦ ਸਨ' ਨੇ ਇੱਕ ਸੂਤਰ ਦੇ ਹਵਾਲੇ ਨਾਲ ਕਿਹਾ ਕਿ ਉਸ ਦੀ ਰਿਪੋਰਟ ਰਾਣੀ ਦੇ ਪੈਲੇਸ ਛੱਡਣ ਤੋਂ ਪਹਿਲਾਂ ਹੀ ਪਾਜ਼ੀਟਿਵ ਪਾਈ ਗਈ ਸੀ। ਪੈਲੇਸ ਵਿਚ 500 ਮੁਲਾਜ਼ਮ ਕੰਮ ਕਰਦੇ ਹਨ, ਜਿਸ ਕਰ ਕੇ ਇਹ ਸਮਝਣਾ ਮੁਸ਼ਕਲ ਹੈ ਕਿ ਕੋਈ ਇਨਫੈਕਟਡ ਕਿਵੇਂ ਹੋ ਗਿਆ। ਇਥੋਂ ਦੀ ਹਾਲਤ ਬਾਰੇ ਪੈਲੇਸ ਦੇ ਬੁਲਾਰੇ ਦਾ ਕਹਿਣਾ ਹੈ ਕਿ ਅਸੀਂ ਨਿੱਜੀ ਤੌਰ ਉੱਤੇ ਕਿਸੇ ਦੀ ਹਾਲਤ ਬਾਰੇ ਕੁਝ ਨਹੀਂ ਕਰ ਸਕਦੇ, ਪਰ ਮਹੱਲ ਵਿਚ ਸਾਰੇ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕੀਤਾ ਜਾ ਰਿਹਾ ਹੈ ਤੇ ਅਸੀਂ ਕਰਮਚਾਰੀਆਂ ਦੀ ਸੁਰੱਖਿਆ ਬਾਰੇ ਸਖਤ ਕਦਮ ਚੁੱਕ ਰਹੇ ਹਾਂ।

ਵਰਨਣ ਯੋਗ ਹੈ ਕਿ ਬਕਿੰਘਮ ਪੈਲੇਸ ਲੰਡਨ ਸ਼ਹਿਰ ਦੇ ਵਿਚਾਲੇ ਹੈ ਤੇ ਇਥੇ ਸਟਾਫ ਦੀ ਗਿਣਤੀ ਬਾਕੀ ਥਾਵਾਂ ਦੇ ਮੁਕਾਬਲੇ ਵੱਧ ਹੈ। ਇਸ ਕਾਰਨ ਚੌਕਸੀ ਵਜੋਂ ਰਾਣੀ ਐਲਿਜ਼ਾਬੇਥ ਨੂੰ ਵਿੰਡਸਰ ਕੈਸਲ ਸ਼ਿਫਟ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਸੰਕੇਤ ਮਿਲੇ ਸਨ ਕਿ ਲੰਡਨ ਦੇ ਮਹੱਲ ਵਿਚ ਵੱਡੀ ਗਿਣਤੀ ਵਿਚ ਮੁਲਾਜ਼ਮ ਹੋਣ ਤੇ ਹਰ ਵੀਰਵਾਰ ਮਹਾਰਾਣੀ ਨਾਲ ਮਿਲਣ ਵਿਚ ਵੱਡੀ ਗਿਣਤੀ ਵਿਚ ਮਹਿਮਾਨਾਂ ਦੇ ਆਉਣ ਕਾਰਨ ਇਹ ਫੈਸਲਾ ਲਿਆ ਗਿਆ ਹੈ ਤਾਂ ਕਿ ਉਨ੍ਹਾਂ ਨੂੰ ਇਨਫੈਕਸ਼ਨ ਤੋਂ ਬਚਾਇਆ ਜਾ ਸਕੇ। ਇਸੇ ਕਾਰਨ ਪੈਲੇਸ ਦੇ ਛੋਟੇ ਪੱਧਰ ਦੇ ਮੁਲਾਜ਼ਮਾਂ ਨੂੰ ਸੈਂਡ੍ਰਿੰਘਮ ਵਿਚ ਟ੍ਰਾਂਸਫਰ ਕੀਤਾ ਜਾ ਸਕਦਾ ਹੈ।

# ਮਹਾਮਾਰੀ ਦੀ ਹਲਚਲ ਦੇ ਦੌਰਾਨ ਸ਼ਾਹਬਾਜ਼ ਸ਼ਰੀਫ਼ ਦੇਸ਼ ਪਰਤੇ



ਇਸਲਾਮਾਬਾਦ, 22 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੌਰਾਨ ਪਾਕਿਸਤਾਨ ਦੀ ਵਿਰੋਧੀ ਧਿਰ ਦੇ ਆਗੂ ਸ਼ਾਹਬਾਜ਼ ਸ਼ਰੀਫ਼ ਅੱਜ ਐਤਵਾਰ ਲੰਡਨ ਤੋਂ ਪਰਤ ਆਏ ਹਨ।

ਵਰਨਣ ਯੋਗ ਹੈ ਕਿ ਇਕ ਦਿਨ ਪਹਿਲਾਂ ਹੀ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪਾਕਿਸਤਾਨ ਦੀ ਸਰਕਾਰ ਨੇ ਅੰਤਰਰਾਸ਼ਟਰੀ ਉਡਾਣਾਂ ਉੱਤੇ ਦੋ ਹਫ਼ਤੇ ਦੀ ਪਾਬੰਦੀ ਲਾਈ ਸੀ। ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐੱਮ ਐੱਲ-ਐੱਨ) ਦੇ ਪ੍ਰਧਾਨ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਛੋਟੇ ਭਰਾ ਸ਼ਾਹਬਾਜ਼ ਸ਼ਰੀਫ ਅੱਜ ਇਸਲਾਮਾ-ਬਾਦ ਵਾਲੇ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਉਤਰੇ, ਜਿੱਥੇ ਉਨ੍ਹਾਂ ਦੀ ਕੋਰੋਨਾ ਵਾਇਰਸ ਦੇ ਬਾਰੇ ਜਾਂਚ ਕੀਤੀ ਗਈ। ਪਾਕਿਸਤਾਨ ਆਉਣ ਪਿੱਛੋਂ ਸ਼ਾਹਬਾਜ਼ ਸ਼ਰੀਫ ਨੇ ਟਵੀਟ ਕੀਤਾ, 'ਇਸ ਵੇਲੇ ਇਸਲਾਮਾਬਾਦ ਉਤਰਿਆ ਹਾਂ। ਇਕ-ਦੂਸਰੇ ਤੋਂ ਦੂਰੀ ਬਣਾਈ ਰੱਖੋ ਅਤੇ ਘਰਾਂ ਵਿੱਚ ਰਹਿਣ ਦੀ ਕੋਸ਼ਿਸ਼ ਕਰੋ, ਤਾਂ ਕਿ ਕੋਈ ਵਾਇਰਸ ਤੋਂ ਪ੍ਰਭਾਵਿਤ ਨਾ ਹੋਵੇ। ਤੁਹਾਨੂੰ ਸਾਰਿਆਂ ਨੂੰ ਪਿਆਰ।' 68 ਸਾਲਾ ਸ਼ਾਹਬਾਜ਼ ਸ਼ਰੀਫ ਨੇ ਕਿਹਾ ਕਿ ਉਹ ਨਵਾਜ਼ ਸ਼ਰੀਫ਼ ਦੇ ਨਿਰਦੇਸ਼ ਉੱਤੇ ਪਾਕਿ-ਸਤਾਨ ਪਰਤੇ ਹਨ। ਉਨ੍ਹਾਂ ਕਿਹਾ ਕਿ ਮੇਰਾ ਮੰਨਣਾ ਹੈ ਕਿ ਸੰਕਟ ਦੇ ਸਮੇਂ ਪਾਕਿਸਤਾਨ ਵਿੱਚ ਮੇਰੀ ਵੱਧ ਲੋੜ ਹੈ ਅਤੇ ਨਵਾਜ਼ ਸ਼ਰੀਫ਼ ਨੇ ਮੈਨੂੰ ਕੋਰੋਨਾ ਵਾਇਰਸ ਦੇ ਪੀੜਤਾਂ ਦੀ ਮਦਦ ਕਰਨ ਅਤੇ ਲੋੜ ਵੇਲੇ ਉਨ੍ਹਾਂ ਦੇ ਵਿਚਾਲੇ ਰਹਿਣ ਦਾ ਨਿਰਦੇਸ਼ ਦਿੱਤਾ ਹੈ। ਆਪਣੇ ਦੇਸ਼ ਆਉਣ ਦੇ ਬਾਅਦ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਸ਼ਾਹਬਾਜ਼ ਸ਼ਰੀਫ ਨੇ ਕਿਹਾ ਕਿ ਪਾਕਿਸਤਾਨ ਇਕ ਕੌਮ ਦੀ ਤਰ੍ਹਾਂ ਘਾਤਕ ਕੋਰੋਨਾ ਵਾਇਰਸ ਦੇ ਖ਼ਿਲਾਫ਼ ਲੜੇਗਾ ਅਤੇ ਉਸ ਨੂੰ ਹਰਾਏਗਾ। ਉਨ੍ਹਾ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦਾ ਇਲਾਜ ਜਲਦੀ ਸ਼ੁਰੂ ਹੋ ਜਾਵੇਗਾ, ਕਿਉਂਕਿ ਉਨ੍ਹਾਂ ਦੇ ਡਾਕਟਰ ਛੁੱਟੀ ਤੋਂ ਪਰਤ ਆਏ ਹਨ। ਉਨ੍ਹਾਂ ਕਿਹਾ ਕਿ ਸ਼ਰੀਫ਼ ਦੀ ਅਗਵਾਈ ਵਿੱਚ ਪੀ ਐੱਮ ਐੱਲ-ਐੱਨ ਇਕਜੁੱਟ ਹੈ।

# ਉੱਤਰੀ ਕੋਰੀਆ ਨੇ ਫਿਰ ਮਿਜ਼ਾਈਲ ਪ੍ਰੀਖਣ ਕੀਤਾ



ਸਿਓਲ, 22 ਮਾਰਚ (ਪੋਸਟ ਬਿਊਰੋ)- ਜਦੋਂ ਸਾਰੀ ਦੁਨੀਆ ਕੋਰੋਨਾ ਵਾਇਰਸ ਦੇ ਸੰਕਟ ਨਾਲ ਜੂਝ ਰਹੀ ਹੈ, ਉਸ ਸਮੇਂ ਉੱਤਰੀ ਕੋਰੀਆ ਅਜੇ ਵੀ ਮਿਜ਼ਾਈਲ ਪ੍ਰੀਖਣ 'ਚ ਲੱਗਾ ਹੋਇਆ ਹੈ।

ਕੋਰੋਨਾ ਦੇ ਜਾਨਲੇਵਾ ਵਾਇਰਸ ਦੇ ਖਤਰੇ ਤੋਂ ਬੇਪਰਵਾਹ ਉੱਤਰੀ ਕੋਰੀਆ ਨੇ ਕੱਲ੍ਹ ਸਮੁੰਦਰ 'ਚ ਘੱਟ ਦੂਰੀ ਦੀਆਂ ਦੋ ਬੈਲਿਸਟਿਕ ਮਿਜ਼ਾਈਲਾਂ ਦਾ ਪ੍ਰੀਖਣ ਕੀਤਾ। ਇਸ ਦੌਰਾਨ ਉੱਤਰੀ ਕੋਰੀਆ ਦੇ ਸਨਕੀ ਤਾਨਾਸ਼ਾਹ ਕਿਮ ਜੋਂਗ ਉਨ ਵੀ ਓਥੇ ਮੌਜੂਦ ਸਨ। ਦੱਖਣੀ ਕੋਰੀਆ ਦੀ ਫੌਜ ਨੇ ਇਸ 'ਤੇ ਸਖਤ ਇਤਰਾਜ਼ ਕੀਤਾ ਅਤੇ ਕਿਹਾ ਕਿ ਅਜਿਹੇ ਸਮੇਂ ਜਦੋਂ ਪੂਰੀ ਦੁਨੀਆ ਕੋਰੋਨਾ ਵਾਇਰਸ ਦੀ ਮਹਾਮਾਰੀ ਨਾਲ ਜੂਝ ਰਹੀ ਹੈ, ਇਸ ਤਰ੍ਹਾਂ ਦੇ ਤਜਰਬੇ ਪੂਰੀ ਤਰ੍ਹਾਂ ਅਣਉਚਿਤ ਹਨ। ਫੌਜ ਨੇ ਕਿਹਾ ਕਿ ਉਹ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ।

ਵਰਨਣ ਯੋਗ ਹੈ ਕਿ ਸੁਪਰੀਮ ਪੀਪਲਜ਼ ਅਸੈਂਬਲੀ (ਦੇਸ਼ ਦੀ ਸੰਸਦ) ਦਾ ਸੈਸ਼ਨ 10 ਅਪ੍ਰੈਲ ਨੂੰ ਕਰਵਾਏ ਜਾਣ ਦੇ ਐਲਾਨ ਦੇ ਥੋੜ੍ਹੀ ਦੇਰ ਪਿੱਛੋਂ ਉੱਤਰੀ ਕੋਰੀਆ ਨੇ ਇਹ ਤਜਰਬਾ ਕੀਤਾ ਹੈ। ਅਗਲੇ ਮਹੀਨੇ ਹੋ ਰਹੇ ਪਾਰਲੀਮੈਂਟ ਦੇ ਇਸ ਸੈਸ਼ਨ ਵਿੱਚ ਉੱਤਰੀ ਕੋਰੀਆ ਦੇ ਲਗਭਗ ਸੱਤ ਸੌ ਆਗੂ ਸ਼ਾਮਲ ਹੋਣਗੇ। ਦੱਖਣੀ ਕੋਰੀਆ ਦੇ ਜਾਇੰਟ ਚੀਫ ਆਫ ਸਟਾਫ ਦੇ ਮੁਤਾਬਕ ਇਨ੍ਹਾਂ ਮਿਜ਼ਾਈਲਾਂ ਦਾ ਤਜਰਬਾ ਉੱਤਰੀ ਕੋਰੀਆ ਦੇ ਪੱਛਮੀ ਇਲਾਕੇ ਸੋਨਚੀਨ ਦੇ ਕਿਸੇ ਗੁਪਤ ਸਥਾਨ ਤੋਂ ਕੱਲ੍ਹ ਸਵੇਰੇ 6.45 ਅਤੇ 6.50 ਵਜੇ ਕੀਤਾ ਗਿਆ। ਸਮੁੰਦਰ ਵਿੱਚ ਡਿੱਗਣ ਤੋਂ ਪਹਿਲਾਂ ਇਨ੍ਹਾਂ ਮਿਜ਼ਾਈਲਾਂ ਨੇ ਲਗਭਗ 460 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਜਾਪਾਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਮਿਜ਼ਾਈਲਾਂ ਉਸ ਦੇ ਖੇਤਰ ਵਿੱਚ ਨਹੀਂ ਡਿੱਗੀਆਂ। ਉੱਤਰੀ ਕੋਰੀਆ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਫਾਇਰਿੰਗ ਡ੍ਰਿਲ ਦੇ ਹਿੱਸੇ ਵਜੋਂ ਕਈ ਮਿਜ਼ਾਈਲਾਂ ਦਾਗੀਆਂ ਸਨ। ਅਜੇ ਸਪੱਸ਼ਟ ਨਹੀਂ ਹੋ ਸਕਿਆ ਕਿ ਉੱਤਰੀ ਕੋਰੀਆ ਨੇ ਕਿੱਦਾਂ ਦੀਆਂ ਮਿਜ਼ਾਈਲਾਂ ਦਾ ਤਜਰਬਾ ਕੀਤਾ ਹੈ। ਦੱਖਣੀ ਕੋਰੀਆ ਅਤੇ ਜਾਪਾਨੀ ਫੌਜ ਦੇ ਮਾਹਰਾਂ ਵੱਲੋਂ ਜਾਰੀ ਕੀਤੇ ਫਲਾਈਟ ਡਾਟਾ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਉੱਤਰੀ ਕੋਰੀਆ ਨੇ ਸਾਲਿਡ ਫਿਊਲ ਮਿਜ਼ਾਈਲ ਸਿਸਟਮ ਦਾ ਪ੍ਰੀਖਣ ਕੀਤਾ ਹੈ। ਫੌਜੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਹਥਿਆਰ ਦੱਖਣੀ ਕੋਰੀਆ ਤੇ ਜਾਪਾਨ 'ਤੇ ਹਮਲੇ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਗਏ ਹਨ। ਇਨ੍ਹਾਂ ਦੇ ਨਿਸ਼ਾਨੇ 'ਤੇ ਇਨ੍ਹਾਂ ਦੋਵਾਂ ਦੇਸ਼ਾਂ ਵਿੱਚ ਮੌਜੂਦ ਅਮਰੀਕੀ ਫੌਜੀ ਟਿਕਾਣੇ ਹੋਣਗੇ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਮਾਹਮਾਰੀ ਤੋਂ ਧਿਆਨ ਹਟਾਉਣ ਲਈ ਉੱਤਰੀ ਕੋਰੀਆ ਨੇ ਇਹ ਤਜਰਬੇ ਕੀਤੇ ਹਨ।

# ਕੋਰੋਨਾ ਵਾਇਰਸ | ਤਿੰਨ ਹਫਤੇ ਪਿੱਛੋਂ ਮਰੀਜ਼ ਦੀ ਰਿਪੋਰਟ ਫਿਰ ਪਾਜ਼ੇਟਿਵ ਆਈ



ਅੰਮ੍ਰਿਤਸਰ, 22 ਮਾਰਚ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਹਸਪਤਾਲ ਦੇ ਆਈਸੋਲੇਸ਼ਨ ਵਾਰਡ ਵਿੱਚ ਦਾਖਲ ਕੀਤੇ ਗਏ ਹੁਸ਼ਿਆਰਪੁਰ ਦੇ ਮਰੀਜ਼ ਦੀ ਰਿਪੋਰਟ ਦੁਬਾਰਾ ਕੋਰੋਨਾ ਵਾਇਰਸ ਪਾਜ਼ੇਟਿਵ ਆਈ ਹੈ। ਹਸਪਤਾਲ ਪ੍ਰਸ਼ਾਸਨ ਨੇ ਮਰੀਜ਼ ਦੀ ਨਿਗਰਾਨੀ ਵਧਾ ਕੇ 14 ਦਿਨ ਆਈਸੋਲੇਟ ਕਰਨ ਲਈ ਵਾਰਡ 'ਚ ਰੱਖਣ ਦਾ ਫੈਸਲਾ ਲਿਆ ਹੈ। ਇਸ ਦੌਰਾਨ ਮਰੀਜ਼ ਦੀ ਪਤਨੀ ਅਤੇ ਸੱਤ ਸਾਲਾ ਬੇਟੇ ਦੀ ਰਿਪੋਰਟ ਟੈਸਟਿੰਗ ਵਿੱਚ ਨੈਗੇਟਿਵ ਆਈ ਹੈ।

## ਤਿੰਨ ਹਫਤੇ ਪਹਿਲਾਂ ਆਇਆ ਸੀ ਇਟਲੀ ਤੋਂ

ਮਿਲੀ ਜਾਣਕਾਰੀ ਅਨੁਸਾਰ ਇਟਲੀ ਤੋਂ ਕਰੀਬ ਤਿੰਨ ਹਫਤੇ ਪਹਿਲਾਂ ਅੰਤਰਰਾਸ਼ਟਰੀ ਏਅਰਪੋਰਟ ਅੰਮ੍ਰਿਤਸਰ ਵਿਖੇ ਪੁੱਜੇ ਹੁਸ਼ਿਆਰਪੁਰ ਦੇ ਵਿਅਕਤੀ ਅਤੇ ਉਸ ਦੇ ਸੱਤ ਸਾਲਾ ਬੱਚੇ 'ਚ ਕੋਰੋਨਾ ਵਾਇਰਸ ਦੇ ਦਿਖਾਈ ਦੇਣ ਮਗਰੋਂ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਬਣਾਏ ਆਈਸੋਲੇਸ਼ਨ ਵਾਰਡ 'ਚ ਉਸ ਵਿਅਕਤੀ ਅਤੇ ਬੱਚੇ ਤੋਂ ਇਲਾਵਾ ਉਸ ਦੀ ਪਤਨੀ ਨੂੰ ਵੀ ਦਾਖਲ ਕੀਤਾ ਗਿਆ ਸੀ। ਹਸਪਤਾਲ ਪ੍ਰਸ਼ਾਸਨ ਨੇ ਦਿੱਲੀ ਦੇ ਹਸਪਤਾਲ ਅਤੇ ਸਰਕਾਰੀ ਲੈਬਾਰਟਰੀ ਪੁਣੇ 'ਚ ਸੈਂਪਲ ਭੇਜੇ ਸਨ, ਜਿਨ੍ਹਾਂ ਦੀ ਰਿਪੋਰਟ ਵਿੱਚ ਬੱਚਾ ਅਤੇ ਵਿਅਕਤੀ ਕੋਰੋਨਾ ਵਾਇਰਸ ਤੋਂ ਪੀੜਤ ਨਿਕਲੇ ਸਨ, ਪਰ ਡਾਕਟਰਾਂ ਦੀ ਮਿਹਨਤ ਪਿੱਛੋਂ ਬੱਚੇ ਦੀ ਰਿਪੋਰਟ ਨੈਗੇਟਿਵ ਆਈ ਹੈ, ਜਦ ਕਿ 14 ਦਿਨ ਆਈਸੋਲੇਸ਼ਨ ਵਾਰਡ 'ਚ ਰਹਿ ਚੁੱਕੇ ਵਿਅਕਤੀ ਸੈਂਪਲ ਲੈ ਕੇ ਫਿਰ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਲੈਬਾਰਟਰੀ 'ਚ ਟੈਸਟਿੰਗ ਲਈ ਭੇਜੇ ਗਏ ਤਾਂ ਰਿਪੋਰਟ ਦੋਬਾਰਾ ਦੁਪਹਿਰ ਪਾਜ਼ੇਟਿਵ ਆਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਵਿਅਕਤੀ ਨੂੰ 14 ਦਿਨ ਹੋਰ ਇਸ ਵਾਰਡ 'ਚ ਆਈਸੋਲੇਟ ਕੀਤਾ ਜਾਵੇਗਾ। ਉਸ ਨੂੰ ਖੰਘ, ਜ਼ੁਕਾਮ, ਬੁਖਾਰ ਦੀ ਕੋਈ ਸ਼ਿਕਾਇਤ ਨਹੀਂ ਹੈ, ਪਰ ਵਾਇਰਸ ਹੋਣ ਕਰ ਕੇ ਵਿਭਾਗ ਪੂਰਾ ਧਿਆਨ ਰੱਖ ਰਿਹਾ ਹੈ। ਬੱਚੇ ਅਤੇ ਉਸ ਦੀ ਮਾਂ ਦੀ ਰਿਪੋਰਟ ਠੀਕ ਆਉਣ ਪਿੱਛੋਂ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ।

# ਕੋਰੋਨਾ ਵਾਇਰਸ ਦੇ ਕਾਰਨ ਸੈਰ ਸਪਾਟਾ ਉਦਯੋਗ ਦਾ ਹਾਲ ਮੰਦਾ




ਨਵੀਂ ਦਿੱਲੀ, 22 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਕਾਰਨ ਕੌਮਾਂਤਰੀ ਪੱਧਰ 'ਤੇ ਆਰਥਿਕ ਸਰਗਰਮੀਆਂ ਦੇ ਪ੍ਰਭਾਵਤ ਹੋਣ ਨਾਲ ਭਾਰਤੀ ਸੈਰ ਸਪਾਟਾ ਉਦਯੋਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟੈਕਸਾਂ ਤੇ ਹੋਰ ਖਰਚਿਆਂ ਵਿੱਚ ਇੱਕ ਸਾਲ ਤੱਕ ਰਾਹਤ ਦੇਣ ਦੀ ਅਪੀਲ ਕੀਤੀ ਹੈ। ਫੈਡਰੇਸ਼ਨ ਆਫ ਐਸੋਸੀਏਸ਼ਨ ਇਨ ਇੰਡੀਅਨ ਟੂਰਿਜ਼ਮ ਐਂਡ ਹਾਸਪਿਟੈਲਿਟੀ ਦੇ ਚੇਅਰਮੈਨ ਨਕੁਲ ਆਨੰਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਸੈਰ ਸਪਾਟਾ ਮੰਤਰੀ ਪ੍ਰਹਿਲਾਦ ਸਿੰਘ ਪਟੇਲ ਨੂੰ ਪੱਤਰ ਭੇਜ ਕੇ ਇਸ ਸੰਕਟ ਨਾਲ ਨਜਿੱਠਣ ਲਈ ਟੈਕਸਾਂ ਤੇ ਹੋਰ ਖਰਚਿਆਂ 'ਚ ਕਰੀਬ ਇੱਕ ਸਾਲ ਤੱਕ ਲਈ ਰਾਹਤ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਪੱਤਰ ਵਿੱਚ ਲਿਖਿਆ ਹੈ ਕਿ ਸੈਰ ਸਪਾਟਾ ਮੋਦੀ ਸਰਕਾਰ ਦੀਆਂ ਮੁੱਖ ਪਹਿਲਾਂ ਵਿੱਚੋਂ ਇੱਕ ਰਿਹਾ ਹੈ, ਇਸ ਲਈ ਇਸ ਸੰਕਟ ਦੇ ਸਮੇਂ ਜੇ ਇਸ ਉਦਯੋਗ ਨੂੰ ਰਾਹਤ ਨਾ ਦਿੱਤੀ ਗਈ ਤਾਂ ਦੇਸ਼ ਦੇ ਸੈਰ ਸਪਾਟਾ ਉਦਯੋਗ 'ਤੇ ਸੰਕਟ ਦੇ ਬੱਦਲ ਛਾ ਜਾਣਗੇ। ਪੂਰਾ ਉਦਯੋਗ ਕਾਰਜਸ਼ੀਲ ਪੂੰਜੀ ਤੋਂ ਬਿਨਾਂ ਕੰਮ ਕਰ ਰਿਹਾ ਹੈ। ਆਪਣੇ ਕਰਮਚਾਰੀਆਂ ਦੀ ਤਨਖਾਹ, ਈ ਐਸ ਆਈ, ਅਗਾਊਂ ਟੈਕਸ, ਪੀ ਐੱਫ, ਈ ਐੱਸ ਆਈ ਸੀ, ਜੀ ਐਸ ਟੀ, ਕਸਟਮ ਡਿਊਟੀ ਅਤੇ ਸੂਬਾ ਸਰਕਾਰ ਦੇ ਟੈਕਸ, ਬੈਂਕ ਗਾਰੰਟੀ ਵਰਗੇ ਖਰਚੇ ਕੱਢ ਸਕਣਾ ਮੁਸ਼ਕਲ ਹੋ ਰਿਹਾ ਹੈ। ਇਸ ਸਥਿਤੀ ਵਿੱਚ ਉਦਯੋਗ ਨੂੰ ਸਰਕਾਰ ਦੇ ਸਮਰਥਨ ਦੀ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਨਾਲ ਸੈਰ ਸਪਾਟਾ ਉਦਯੋਗ ਸਭ ਤੋਂ ਵੱਧ ਪ੍ਰਭਾਵਤ ਹੈ। ਵਾਇਰਸ ਦੇ ਡਰੋਂ ਨਾ ਭਾਰਤ ਵੱਲੋਂ ਕੋਈ ਵਿਦੇਸ਼ ਜਾ ਰਿਹਾ ਹੈ, ਨਾ ਵਿਦੇਸ਼ੀ ਟੂਰਿਸਟ ਇਥੇ ਆ ਰਹੇ ਹਨ। ਭਾਰਤ ਦਾ ਵਿਦੇਸ਼ੀ ਸੈਰ ਸਪਾਟਾ ਕਾਰੋਬਾਰ ਕਰੀਬ 28 ਅਰਬ ਡਾਲਰ ਤੋਂ ਵੱਧ ਹੈ ਅਤੇ ਘਰੇਲੂ ਸੈਰ ਸਪਾਟਾ ਤੋਂ ਇਸ ਉਦਯੋਗ ਨੂੰ ਦੋ ਲੱਖ ਕਰੋੜ ਰੁਪਏ ਦੀ ਕਮਾਈ ਹੁੰਦੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਮੂਲ ਪੂੰਜੀ ਦੀ ਈ ਐੱਮ ਆਈ ਅਤੇ ਕਰਜ਼ੇ 'ਤੇ ਵਿਆਜ ਦੇ ਭੁਗਤਾਨ ਅਤੇ ਵਿੱਤੀ ਸੰਸਥਾਨਾਂ ਵੱਲੋਂ ਲਈ ਕਰਜ਼ਾ ਰਾਸ਼ੀ 'ਤੇ ਵਿਆਜ ਦੇ ਭੁਗਤਾਨ ਵਿੱਚ ਘੱਟੋ ਘੱਟ 12 ਮਹੀਨੇ ਦੀ ਰਾਹਤ ਦਿੱਤੀ ਜਾਵੇ ਅਤੇ ਕਾਰਜਸ਼ੀਲ ਪੂੰਜੀ ਹੱਦ ਦੁੱਗਣਾ ਕਰਨ ਅਤੇ ਵਿਆਜ ਮੁਕਤ ਦੀ ਵੀ ਅਪੀਲ ਕੀਤੀ ਗਈ ਹੈ।

# ਪੈਸੇ ਦੁੱਗਣੇ ਕਰਨ ਦਾ ਝਾਂਸਾ ਦੇ ਕੇ ਸਾਰਾ ਪਿੰਡ ਠੱਗ ਲਿਆ

ਮਲੋਟ, 22 ਮਾਰਚ (ਪੋਸਟ ਬਿਊਰੋ)- ਥਾਣਾ ਮਲੋਟ ਪੁਲਸ ਨੇ ਹਰਿਆਣਾ ਦੇ ਚਾਰ ਵਿਅਕਤੀਆਂ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਇਨ੍ਹਾਂ 'ਚ ਇੱਕ ਔਰਤ ਵੀ ਹਨ।




ਸ਼ਿਕਾਇਤ ਕਰਤਾ ਜਸਵੰਤ ਸਿੰਘ ਪੁੱਤਰ ਸੁਬੇਗ ਸਿੰਘ ਵਾਸੀ ਮੁਕਤਸਰ ਰੋਡ ਮਲੋਟ ਨੇ ਦੱਸਿਆ ਕਿ ਉਸ ਦੇ ਫੋਨ 'ਤੇ ਅਮਿਤ ਕੁਮਾਰ ਸੈਣੀ ਨੇ ਕਾਲ ਕਰ ਕੇ ਦੱਸਿਆ ਕਿ ਉਹ ਆਨਲਾਈਨ ਕੰਪਨੀ 'ਸਾਇਕੋਹੱਬ ਡਾਟ ਕਾਮ' ਚਲਾ ਰਹੇ ਹਨ ਤੇ ਕੰਪਨੀ 'ਚ ਪੈਸਾ ਲਾਉਣ 'ਤੇ ਦੁੱਗਣਾ ਕਰ ਕੇ ਵਾਪਸ ਕੀਤਾ ਜਾਂਦਾ ਹੈ। ਅਮਿਤ ਕੁਮਾਰ ਸੈਣੀ, ਸਤਿਆਵਾਨ ਸੈਣੀ, ਸ਼ਕੰਤਲਾ ਦੇਵੀ ਵਾਸੀ ਨਾਰਨੌਂਦ ਅਤੇ ਸੁਖਵਿੰਦਰ ਸਿੰਘ ਵਾਸੀ ਜਗਾਧਰੀ ਨੇ ਉਨ੍ਹਾਂ ਨੂੰ ਕੰਪਨੀ ਦਾ ਪਲਾਨ ਦੱਸਿਆ। ਝਾਂਸੇ 'ਚ ਆ ਕੇ ਉਸ ਨੇ ਆਪਣੇ ਦੋਸਤ ਰਾਮ ਕ੍ਰਿਸ਼ਨ ਪੁੱਤਰ ਖੇਤਾ ਰਾਮ ਪਿੰਡ ਮਲੱਟ ਦੇ ਪੇਟੀਐੱਮ ਖਾਤੇ 'ਚੋਂ ਇਸ ਕੰਪਨੀ ਦਾ ਮੈਂਬਰ ਬਣਨ ਲਈ 28 ਜਨਵਰੀ 2018 ਨੂੰ 1500 ਰੁਪਏ ਦੀ ਰਕਮ ਉਨ੍ਹਾਂ ਦੇ ਖਾਤੇ 'ਚ ਟਰਾਂਸਫਰ ਕਰ ਦਿੱਤੀ। ਇਸੇ ਝਾਂਸੇ 'ਚ ਆ ਕੇ ਉਸ ਨੇ ਗਿੱਦੜਬਾਹਾ ਵਿਖੇ ਕਈ ਲੋਕਾਂ ਨੂੰ ਮਿਲਾਇਆ। ਪੈਸੇ ਦੁਗਣੇ ਕਰਨ ਦੇ ਭਰੋਸੇ ਤੋਂ ਬਾਅਦ ਉਨ੍ਹਾਂ ਤੇ ਗਿੱਦੜਬਾਹਾ ਦੇ ਬਲਤੇਜ ਸਿੰਘ ਪੁੱਤਰ ਸੁਰਜੀਤ ਸਿੰਘ ਸਮੇਤ ਵੱਖ-ਵੱਖ ਲੋਕਾਂ ਨੇ ਤਿੰਨ ਲੱਖ 45 ਹਾਜ਼ਰ ਰੁਪਏ ਦੀ ਨਕਦੀ ਕੰਪਨੀ ਦੇ ਖਾਤਿਆਂ ਅਤੇ ਕੁਝ ਨਕਦ ਪਾਈ, ਪਰ ਕੰਪਨੀ ਨੇ ਪੈਸੇ ਦੇਣ ਤੋਂ ਨਾਂਹ ਕਰ ਕੇ ਕਿਹਾ ਕਿ ਉਨ੍ਹਾਂ ਨੇ ਠੱਗੀ ਮਾਰਨੀ ਸੀ, ਉਹ ਮਾਰ ਲਈ ਹੈ, ਤੁਸੀਂ ਜੋ ਕੁਝ ਕਰਨਾ ਕਰ ਲਓ। ਪੁਲਸ ਨੇ ਕਾਰਵਾਈ ਕਰਦਿਆਂ ਅਮਿਤ ਕੁਮਾਰ ਸੈਣੀ ਸਤਿਆਵਾਨ ਸੈਣੀ, ਸ਼ਕੁੰਤਲਾ ਦੇਵੀ ਵਾਸੀ ਨਾਰਨੰਦ ਜ਼ਿਲ੍ਹਾ ਹਿਸਾਰ ਅਤੇ ਸੁਖਵਿੰਦਰ ਸਿੰਘ ਵਾਸੀ ਜਗਾਧਰੀ ਜ਼ਿਲ੍ਹਾ ਯਮੁਨਾਨਗਰ ਵਿਰੁੱਧ ਧਾਰਾ 420 ਅਤੇ 120 ਬੀ ਦਾ ਕੇਸ ਦਰਜ ਕਰ ਲਿਆ ਹੈ।

